Friday, Sep 04, 2026

# ਪੰਜਾਬੀ ਜਰਨਲ

## PUNJABI JOURNAL

ਭਾਦੋਂ 20, ਨਾਨਕਸ਼ਾਹੀ ਸੰਮਤ: 557 | Volume: 20, Issue: 35 | Ph: 604-312-5678
www.punjabijournal.ca, Email: punjabijournal@gmail.com






# ਕੈਨੇਡਾ ਵਿਚ ਵਿਦਿਆਰਥੀਆਂ ਲਈ ਇਮੀਗ੍ਰੇਸ਼ਨ ਨਿਯਮ ਹੋਏ ਸਖਤ

**ਟੋਰਾਂਟੋ** : ਪੰਜਾਬ ਤੋਂ ਕੈਨੇਡਾ ਜਾ ਕੇ ਪੜ੍ਹਾਈ ਕਰਨ ਜਾਂ ਉੱਥੇ ਵਸਣ ਦੇ ਚਾਹਵਾਨਾਂ ਲਈ ਸਤੰਬਰ ਤੋਂ ਨਵੇਂ ਨਿਯਮ ਅਤੇ ਵਧੇ ਖ਼ਰਚ ਚੁਣੌਤੀ ਬਣ ਸਕਦੇ ਹਨ।

ਕੈਨੇਡਾ ਸਰਕਾਰ ਨੇ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਦੀਆਂ ਵਿੱਤੀ ਲੋੜਾਂ ਵਧਾ ਦਿੱਤੀਆਂ ਹਨ। ਇਸ ਦੇ ਨਾਲ ਹੀ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਵੀ ਸੀਮਤ ਕਰਨ ਦੀ ਨੀਤੀ ਲਾਗੂ ਕੀਤੀ ਗਈ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਮੁਤਾਬਕ ਕਿਊਬਿਕ ਤੋਂ ਇਲਾਵਾ ਕੈਨੇਡਾ ਦੇ ਹੋਰ ਹਿੱਸਿਆਂ ਵਿੱਚ ਪੜ੍ਹਾਈ ਲਈ ਸਟੱਡੀ ਪਰਮਿਟ ਦੀ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ ਨੂੰ 1 ਸਤੰਬਰ 2026 ਜਾਂ ਇਸ ਤੋਂ ਬਾਅਦ ਅਰਜ਼ੀ ਦੇਣ ’ਤੇ ਰਹਿਣ-ਸਹਿਣ ਦੇ ਖ਼ਰਚ ਲਈ 23,448 ਕੈਨੇਡੀਅਨ ਡਾਲਰ ਦੀ ਰਕਮ ਉਪਲਬਧ ਹੋਣ ਦਾ ਸਬੂਤ ਦੇਣਾ ਪਵੇਗਾ। ਪਹਿਲਾਂ ਇਹ ਰਕਮ 22,895 ਡਾਲਰ ਸੀ।

ਇਹ ਰਕਮ ਸਿਰਫ਼ ਰਹਿਣ-ਸਹਿਣ ਦੇ ਖ਼ਰਚ ਲਈ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਆਪਣੀ ਟਿਊਸ਼ਨ ਫੀਸ ਅਤੇ ਕੈਨੇਡਾ ਆਉਣ-ਜਾਣ ਦੇ ਯਾਤਰਾ ਖ਼ਰਚ ਨੂੰ ਪੂਰਾ ਕਰਨ ਲਈ ਲੋੜੀਂਦੇ ਵਿੱਤੀ ਸਰੋਤਾਂ ਦਾ ਵੀ ਸਬੂਤ ਦੇਣਾ ਪਵੇਗਾ।

### ਨਵੇਂ ਅਸਥਾਈ ਨਿਵਾਸੀਆਂ ’ਤੇ ਵੀ ਲਗਾਮ

ਕੈਨੇਡਾ ਦੀ 2026-2028 ਦੀ ਯੋਜਨਾ ਅਨੁਸਾਰ ਇਸ ਸਾਲ ਨਵੇਂ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ 3.85 ਲੱਖ ਤੱਕ ਸੀਮਤ ਰੱਖਣ ਦਾ ਟੀਚਾ ਹੈ। ਇਨ੍ਹਾਂ ਵਿੱਚ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 1.55 ਲੱਖ ਤੱਕ ਰੱਖੀ ਗਈ ਹੈ। ਆਈ.ਆਰ.ਸੀ.ਸੀ. ਦਾ ਉਦੇਸ਼ 2027 ਦੇ ਅੰਤ ਤੱਕ ਦੇਸ਼ ਦੀ ਕੁੱਲ ਆਬਾਦੀ ਵਿੱਚ ਅਸਥਾਈ ਨਿਵਾਸੀਆਂ ਦਾ ਹਿੱਸਾ 5 ਫੀਸਦੀ ਤੋਂ ਹੇਠਾਂ ਲਿਆਉਣਾ ਹੈ।

ਇਸ ਨੀਤੀ ਦਾ ਸਿੱਧਾ ਅਸਰ ਕੈਨੇਡਾ ਜਾਣ ਦੀ ਯੋਜਨਾ ਬਣਾ ਰਹੇ ਵਿਦਿਆਰਥੀਆਂ ਅਤੇ ਹੋਰ ਅਸਥਾਈ ਨਿਵਾਸੀਆਂ ’ਤੇ ਪੈ ਸਕਦਾ ਹੈ।

# ਬੈਂਕ ਆਫ ਕੈਨੇਡਾ ਨੇ ਕਿੰਗ ਚਾਰਲਸ ਦੀ ਤਸਵੀਰ ਵਾਲਾ 20 ਡਾਲਰ ਦਾ ਨੋਟ ਕੀਤਾ ਜਾਰੀ




**ਓਟਵਾ:** ਬੈਂਕ ਆਫ ਕੈਨੇਡਾ ਨੇ ਨਵੇਂ 20 ਡਾਲਰ ਦੇ ਨੋਟ ਦਾ ਡਿਜ਼ਾਈਨ ਜਾਰੀ ਕਰ ਦਿੱਤਾ ਹੈ, ਜੋ ਫਰਵਰੀ 2027 ਤੋਂ ਚਲਣ ਵਿੱਚ ਆਵੇਗਾ। ਇਹ ਕੈਨੇਡਾ ਦਾ ਪਹਿਲਾ ਬੈਂਕ ਨੋਟ ਹੋਵੇਗਾ ਜਿਸ ’ਤੇ ਕਿੰਗ ਚਾਰਲਸ ਤੀਜੇ ਦੀ ਤਸਵੀਰ ਹੋਵੇਗੀ। ਨਵਾਂ ਨੋਟ ਪੁਰਾਣੇ ਨੋਟਾਂ ਤੋਂ ਵੱਖਰੇ ਤੌਰ ’ਤੇ ਲੰਬਕਾਰੀ ਡਿਜ਼ਾਈਨ ਵਿੱਚ ਤਿਆਰ ਕੀਤਾ ਗਿਆ ਹੈ। ਨਵੇਂ ਨੋਟ ’ਤੇ ਕਿੰਗ ਚਾਰਲਸ ਦੀ ਤਸਵੀਰ ਨੇ ਮਹਾਰਾਣੀ ਐਲਿਜ਼ਾਬੈਥ ਦੂਜੀ ਦੀ ਥਾਂ ਲਈ ਹੈ। ਮਹਾਰਾਣੀ ਦੀ ਤਸਵੀਰ 1935 ਤੋਂ ਕੈਨੇਡਾ ਦੇ 18 ਵੱਖ-ਵੱਖ ਬੈਂਕ ਨੋਟਾਂ ’ਤੇ ਦਿਖਾਈ ਦਿੰਦੀ ਰਹੀ ਹੈ। ਨਵੇਂ ਨੋਟ ਦਾ ਡਿਜ਼ਾਈਨ ਕਿੰਗ ਚਾਰਲਸ ਦੀ ਮਈ 2023 ਵਿੱਚ ਹੋਈ ਤਾਜਪੋਸ਼ੀ ਤੋਂ ਕੁਝ ਸਮੇਂ ਬਾਅਦ ਤਿਆਰ ਕਰਨਾ ਸ਼ੁਰੂ ਕੀਤਾ ਗਿਆ ਸੀ। ਨੋਟ ਦੇ ਦੂਜੇ ਪਾਸੇ ਫਰਾਂਸ ਵਿੱਚ 1917 ਦੀ ਵਿਮੀ ਰਿਜ ਦੀ ਲੜਾਈ ਵਾਲੀ ਥਾਂ ’ਤੇ ਸਥਿਤ ਕੈਨੇਡੀਅਨ ਨੈਸ਼ਨਲ ਵਿਮੀ ਮੈਮੋਰੀਅਲ ਦੀ ਤਸਵੀਰ ਹੈ। ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ ਮੈਕਲਮ ਨੇ ਵਿਮੀ ਰਿਜ ਦੀ ਲੜਾਈ ਨੂੰ ਵਿਸ਼ਵ ਪੱਧਰ ’ਤੇ ਕੈਨੇਡੀਅਨ ਪ੍ਰਭੂਸੱਤਾ ਦਾ ਪ੍ਰਤੀਕ ਦੱਸਿਆ। ਯਾਦਗਾਰ ’ਤੇ 11,285 ਕੈਨੇਡੀਅਨ ਸੈਨਿਕਾਂ ਦੇ ਨਾਮ ਦਰਜ ਹਨ। ਨਵੇਂ ਪੌਲੀਮਰ ਨੋਟ ਵਿੱਚ ਨਕਲੀ ਨੋਟਾਂ ਨੂੰ ਰੋਕਣ ਲਈ ਆਧੁਨਿਕ ਸੁਰੱਖਿਆ ਤਕਨੀਕਾਂ ਅਤੇ 3ਡੀ ਪ੍ਰਭਾਵ ਵਾਲੇ ਡਿਜ਼ਾਈਨ ਸ਼ਾਮਲ ਹਨ। ਨੋਟ ਨੂੰ ਝੁਕਾਉਣ ’ਤੇ ਜਾਮਨੀ ਸੁਰੱਖਿਆ ਪੱਟੀ ਵਿੱਚ ਮੌਜੂਦ ਤਸਵੀਰਾਂ ਹਿਲਦੀਆਂ ਹੋਈਆਂ ਦਿਖਾਈ ਦਿੰਦੀਆਂ ਹਨ। ਇਸ ਤੋਂ ਇਲਾਵਾ ਕਿੰਗ ਦੀ ਤਸਵੀਰ, ਵੱਡੇ ‘20’ ਅਤੇ ‘ਕੈਨੇਡਾ’ ਸ਼ਬਦ ’ਤੇ ਉੱਭਰੀ ਹੋਈ ਸਿਆਹੀ ਵਰਗੀਆਂ ਛੂਹ ਰਾਹੀਂ ਪਛਾਣੀਆਂ ਜਾਣ ਵਾਲੀਆਂ ਵਿਸ਼ੇਸ਼ਤਾਵਾਂ ਵੀ ਹਨ। ਨੋਟ ’ਤੇ ਕੈਨੇਡਾ ਦੇ 13 ਪ੍ਰੋਵਿੰਸਾਂ ਅਤੇ ਟੈਰੀਟਰੀਜ਼ ਨੂੰ ਉਨ੍ਹਾਂ ਦੇ ਫੁੱਲਾਂ ਦੇ ਪ੍ਰਤੀਕਾਂ ਰਾਹੀਂ ਦਰਸਾਇਆ ਗਿਆ ਹੈ।



# ਪੰਜਾਬੀ ਮੂਲ ਦੇ ਸਾਬਕਾ ਕੈਨੇਡੀਅਨ ਐਮ ਪੀ ਰਾਜ ਗਰੇਵਾਲ ਦੇ ਮੁਲਾਜ਼ਮ ਦਾ ਕਤਲ ਅਤੇ ਘਰ ਤੇ ਗੋਲੀਬਾਰੀ

**ਓਟਵਾ**: ਕੈਨੇਡਾ ਵਿੱਚ ਸਾਬਕਾ ਲਿਬਰਲ ਐੱਮ.ਪੀ. ਅਤੇ ਵਕੀਲ ਰਾਜ ਗਰੇਵਾਲ ਅਤੇ ਉਨ੍ਹਾਂ ਦੇ ਸਹਿਯੋਗੀਆਂ 'ਤੇ ਲੱਖਾਂ ਡਾਲਰਾਂ ਦੀ ਵਿੱਤੀ ਧੋਖਾਧੜੀ ਦੇ ਲੱਗੇ ਦੋਸ਼ਾਂ ਦੇ ਦੀਵਾਨੀ ਮੁਕੱਦਮਿਆਂ ਵਿਚਕਾਰ ਇੱਕ ਵੱਡੀ ਖ਼ਬਰ ਸਾਹਮੇ ਆਈ ਹੈ। ਇਨ੍ਹਾਂ ਕਾਨੂੰਨੀ ਲੜਾਈਆਂ ਦੌਰਾਨ ਗਰੇਵਾਲ ਦੇ ਇੱਕ ਮੁਲਾਜ਼ਮ ਦੇ ਭਿਆਨਕ ਕਤਲ ਅਤੇ ਗਰੇਵਾਲ ਦੇ ਘਰ 'ਤੇ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਨੇ ਕੈਨੇਡਾ ਦੇ ਪੰਜਾਬੀ ਭਾਈਚਾਰੇ ਸਮੇਤ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ।



ਅਦਾਲਤੀ ਕਾਰਵਾਈ ਦੌਰਾਨ ਸਾਹਮਣੇ ਆਇਆ ਹੈ ਕਿ ਰਾਜ ਗਰੇਵਾਲ ਦੀ ਲਾਅ ਫਰਮ ਦੇ 25 ਸਾਲਾ ਮੁਲਾਜ਼ਮ ਜਸਕਰਨ ਧਾਲੀਵਾਲ ਦੀ ਲਗਭਗ ਅੱਠ ਮਹੀਨੇ ਪਹਿਲਾਂ ਬਰੈਂਪਟਨ ਦੇ 'ਸ਼ਾਪਰਜ਼ ਵਰਲਡ ਮਾਲ' ਤੋਂ ਬਾਹਰ ਆਉਂਦਿਆਂ ਘਾਤ ਲਗਾ ਕੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੀਲ ਰੀਜਨਲ ਪੁਲਿਸ ਨੇ ਇਸ ਨੂੰ ਇੱਕ ਨਿਸ਼ਾਨਾ ਬਣਾ ਕੇ ਕੀਤਾ ਗਿਆ ਹਮਲਾ ਦੱਸਿਆ ਅਤੇ ਇਸ ਮਾਮਲੇ ਵਿੱਚ ਤਿੰਨ ਨੌਜਵਾਨਾਂ (ਦੋ ਬਰੈਂਪਟਨ ਅਤੇ ਇੱਕ ਟੋਰਾਂਟੋ ਦੇ, ਜਿਨ੍ਹਾਂ ਦੀ ਉਮਰ 20-30 ਸਾਲ ਦੇ ਵਿਚਕਾਰ ਹੈ) ਨੂੰ ਗ੍ਰਿਫ਼ਤਾਰ ਕਰਕੇ ਗੰਭੀਰ ਚਾਰਜ ਲਗਾਏ ਹਨ। ਪੁਲਿਸ ਨੇ ਅਜੇ ਤੱਕ ਇਸ ਕਤਲ ਦੇ ਅਸਲ ਮਨੋਰਥ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਹੈ। ਧਾਲੀਵਾਲ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

ਪੁਲਿਸ ਰਿਪੋਰਟਾਂ ਅਤੇ ਗੁਪਤ ਸੂਤਰਾਂ ਅਨੁਸਾਰ ਇਸ ਹਿੰਸਾ ਦਾ ਸਾਇਆ ਖੁਦ ਰਾਜ ਗਰੇਵਾਲ 'ਤੇ ਵੀ ਪਿਆ ਹੈ। ਦਸੰਬਰ 2023 ਵਿੱਚ ਟੋਰਾਂਟੋ ਖੇਤਰ ਵਿੱਚ ਸਥਿਤ ਗਰੇਵਾਲ ਦੇ ਘਰ 'ਤੇ ਗੋਲੀਬਾਰੀ ਹੋਈ ਸੀ। ਸੂਤਰਾਂ ਮੁਤਾਬਕ ਹਾਲ ਹੀ ਵਿੱਚ ਵੀ ਇੱਕ ਹਥਿਆਰਬੰਦ ਵਿਅਕਤੀ ਵੱਲੋਂ ਉਨ੍ਹਾਂ ਦੇ ਘਰ ਨੂੰ ਦੁਬਾਰਾ ਨਿਸ਼ਾਨਾ ਬਣਾਇਆ ਗਿਆ। ਖੁਸ਼ਕਿਸਮਤੀ ਨਾਲ ਇਨ੍ਹਾਂ ਘਟਨਾਵਾਂ ਵਿੱਚ ਕੋਈ ਜ਼ਖਮੀ ਨਹੀਂ ਹੋਇਆ। ਹਾਲਾਂਕਿ ਗਰੇਵਾਲ ਦੇ ਵਕੀਲ ਸਾਈਮਨ ਬੀਬਰ ਅਨੁਸਾਰ ਗੋਲੀਬਾਰੀ ਦੀਆਂ ਇਨ੍ਹਾਂ ਘਟਨਾਵਾਂ ਦਾ ਚੱਲ ਰਹੇ ਦੀਵਾਨੀ ਮੁਕੱਦਮਿਆਂ ਨਾਲ ਕੋਈ ਸਬੰਧ ਹੋਣ ਦਾ ਕੋਈ ਸਬੂਤ ਨਹੀਂ ਹੈ।

ਪ੍ਰੋਵਿੰਸ ਦੇ ਕਾਨੂੰਨੀ ਰੈਗੂਲੇਟਰ 'ਲਾਅ ਸੁਸਾਇਟੀ ਆਫ਼ ਓਨਟਾਰੀਓ' ਨੇ ਰਾਜ ਗਰੇਵਾਲ 'ਤੇ ਗਾਹਕਾਂ ਦੇ ਪੈਸਿਆਂ ਦੀ ਦੁਰਵਰਤੋਂ, ਮੋਰਟਗੇਜ ਧੋਖਾਧੜੀ ਵਿੱਚ ਸ਼ਾਮਲ ਹੋਣ, ਗਾਹਕਾਂ ਅਤੇ ਬੈਂਕਾਂ ਨੂੰ ਗੁੰਮਰਾਹ ਕਰਨ ਅਤੇ ਨਕਲੀ ਟਾਈਟਲ ਇੰਸ਼ੋਰੈਂਸ ਦੇਣ ਦੇ ਗੰਭੀਰ ਦੋਸ਼ ਲਗਾਏ ਹਨ। ਜਨਤਕ ਹਿੱਤਾਂ ਨੂੰ ਖ਼ਤਰੇ ਤੋਂ ਬਚਾਉਣ ਲਈ ਰੈਗੂਲੇਟਰ ਨੇ ਗਰੇਵਾਲ ਦੇ ਵਕਾਲਤ ਕਰਨ ਦੇ ਲਾਇਸੈਂਸ ਨੂੰ ਮੁਅੱਤਲ ਕਰਨ ਦੀ ਅਪੀਲ ਕੀਤੀ ਹੈ, ਜਿਸ ਤੋਂ ਬਾਅਦ ਗਰੇਵਾਲ ਨੇ ਟ੍ਰਿਬਿਊਨਲ ਦੇ ਫੈਸਲੇ ਤੱਕ ਆਪਣਾ ਲਾਇਸੈਂਸ ਖੁਦ ਹੀ ਸਰੰਡਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਗਰੇਵਾਲ ਨੇ 2018 ਵਿੱਚ ਜੂਏ ਵਿੱਚ ਕਰੋੜਾਂ ਰੁਪਏ ਹਾਰਨ ਦੀ ਗੱਲ ਕਬੂਲਣ ਤੋਂ ਬਾਅਦ ਸੰਸਦ ਮੈਂਬਰ (ਐੱਮ. ਪੀ.) ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਬਾਅਦ ਵਿੱਚ ਆਰ. ਸੀ.ਐੱਮ.ਪੀ. ਵੱਲੋਂ ਦਰਜ ਕੀਤੇ ਗਏ ਕਰਜ਼ੇ ਦੇ ਮਾਮਲਿਆਂ ਵਿੱਚ ਉਹ ਅਦਾਲਤ ਵੱਲੋਂ ਬਰੀ ਹੋ ਗਏ ਸਨ।

# ਕੈਨੇਡਾ ਵਿਚ 24 ਸਾਲਾ ਪੰਜਾਬੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ

**ਕੈਲਗਰੀ**: ਕੈਨੇਡਾ ਦੇ ਕੈਲਗਰੀ ਤੋਂ ਇੱਕ ਬਹੁਤ ਹੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ ਪਠਾਨਕੋਟ ਦੇ ਰਹਿਣ ਵਾਲੇ 24 ਸਾਲਾ ਪੰਜਾਬੀ ਨੌਜਵਾਨ ਹਰਜਸ ਸਿੰਘ ਦੀ ਅਣਪਛਾਤੇ ਵਿਅਕਤੀ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਰਜਸ ਸਿੰਘ ਕਰੀਬ ਤਿੰਨ ਮਹੀਨੇ ਪਹਿਲਾਂ ਰੁਜ਼ਗਾਰ ਦੀ ਭਾਲ ਵਿੱਚ ਅਮਰੀਕਾ ਗਿਆ ਸੀ ਅਤੇ ਉੱਥੇ ਇੱਕ ਸਟੋਰ ਵਿੱਚ ਕੰਮ ਕਰਦਾ ਸੀ। ਉਹ ਕਿਸੇ ਨਿੱਜੀ ਜਾਂ ਵਪਾਰਕ ਕੰਮ ਦੇ ਸਿਲਸਿਲੇ ਵਿੱਚ ਕੈਨੇਡਾ ਦੇ ਕੈਲਗਰੀ ਸ਼ਹਿਰ ਗਿਆ ਹੋਇਆ ਸੀ, ਜਿੱਥੇ ਇਹ ਖ਼ੂਨੀ ਵਾਰਦਾਤ ਵਾਪਰ ਗਈ।



ਇਹ ਗੋਲੀਬਾਰੀ ਦੀ ਘਟਨਾ ਕੈਲਗਰੀ ਦੇ ਕੌਰਨਰਸਟੋਨ ਬੁਲੇਵਾਰਡ ਓ ਦੇ 1100 ਬਲਾਕ ਵਿੱਚ ਵਾਪਰੀ। ਕੈਲਗਰੀ ਪੁਲਿਸ ਅਧਿਕਾਰੀਆਂ ਮੁਤਾਬਕ 30 ਅਗਸਤ ਨੂੰ ਦੁਪਹਿਰ ਲਗਭਗ 12:55 ਵਜੇ ਇਲਾਕੇ ਵਿੱਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਜਾਣਕਾਰੀ ਮਿਲਦੇ ਹੀ ਪੁਲਿਸ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ, ਜਿੱਥੇ ਹਰਜਸ ਸਿੰਘ ਮ੍ਰਿਤਕ ਹਾਲਤ ਵਿੱਚ ਮਿਲਿਆ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੈਲਗਰੀ ਪੁਲਿਸ ਨੇ ਮਾਮਲੇ ਦੀ ਜਾਂਚ ਆਪਣੀ ਹੋਮੀਸਾਈਡ ਯੂਨਿਟ ਨੂੰ ਸੌਂਪ ਦਿੱਤੀ ਹੈ।

ਫਿਲਹਾਲ ਪੁਲਿਸ ਵੱਲੋਂ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਪਰ ਅਜੇ ਤੱਕ ਕਿਸੇ ਵੀ ਸ਼ੱਕੀ ਵਿਅਕਤੀ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ ਹੈ। ਜਾਂਚਕਰਤਾ ਵਾਰਦਾਤ ਦੇ ਅਸਲ ਕਾਰਨਾਂ ਨੂੰ ਸਮਝਣ ਅਤੇ ਇਸ ਘਟਨਾ ਵਿੱਚ ਸ਼ਾਮਲ ਦੋਸ਼ੀਆਂ ਦਾ ਪਤਾ ਲਗਾਉਣ ਲਈ ਆਸ-ਪਾਸ ਦੇ ਇਲਾਕੇ ਤੋਂ ਜਾਣਕਾਰੀ ਤੇ ਸਬੂਤ ਇਕੱਠੇ ਕਰ ਰਹੇ ਹਨ। ਇਸ ਘਟਨਾ ਤੋਂ ਬਾਅਦ ਪਠਾਨਕੋਟ ਵਿੱਚ ਮ੍ਰਿਤਕ ਦੇ ਪਰਿਵਾਰ 'ਚ ਸੋਗ ਦੀ ਲਹਿਰ ਦੌੜ ਗਈ ਹੈ।




# PUNJABI JOURNAL

Volume: 19, Issue: 35 || Ph: 604-312-5678 || Friday, Sep 04, 2026


## ਵੈਨਕੂਵਰ ਪੁਲਿਸ ਦੇ ਸੀਨੀਅਰ ਅਧਿਕਾਰੀ ਕਲ ਦੁਸਾਂਝ ’ਤੇ ਧੋਖਾਧੜੀ ਤੇ ਚੋਰੀ ਦੇ 9 ਮਾਮਲੇ ਦਰਜ

**ਵੈਨਕੂਵਰ**: ਕੈਨੇਡਾ ਦੇ ਵੈਨਕੂਵਰ ਪੁਲਿਸ ਵਿਭਾਗ ਵਿੱਚ ਲੰਬੇ ਸਮੇਂ ਤੋਂ ਸੇਵਾ ਨਿਭਾ ਰਹੇ ਪੰਜਾਬੀ ਮੂਲ ਦੇ ਇੱਕ ਨਾਮਵਰ ਅਤੇ ਉੱਚ-ਪ੍ਰੋਫਾਈਲ ਪੁਲਿਸ ਅਧਿਕਾਰੀ ਨੂੰ ਉਸਦੇ ਆਪਣੇ ਹੀ ਵਿਭਾਗ ਵੱਲੋਂ ਚਲਾਈ ਗਈ ਇੱਕ ਲੰਬੀ ਗੁਪਤ ਜਾਂਚ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਅਧਿਕਾਰੀ ‘ਤੇ ਲੱਖਾਂ ਰੁਪਏ ਦੀ ਧੋਖਾਧੜੀ, ਚੋਰੀ ਅਤੇ ਜਨਤਕ ਅਹੁਦੇ ਦੀ ਦੁਰਵਰਤੋਂ ਕਰਦਿਆਂ ਭਰੋਸਾ ਤੋੜਨ ਵਰਗੇ ਕਈ ਗੰਭੀਰ ਦੋਸ਼ ਲਗਾਏ ਗਏ ਹਨ।




ਵੈਨਕੂਵਰ ਪੁਲਿਸ ਵਿਭਾਗ ਅਨੁਸਾਰ 50 ਸਾਲਾ ਕਲਵਿੰਦਰ (ਕਾਲ) ਦੋਸਾਂਝ ਵਿਰੁੱਧ ਇਹ ਦੋਸ਼ ਲਗਭਗ ਢਾਈ ਸਾਲ ਤੱਕ ਚੱਲੀ ਇੱਕ ਅਤਿ-ਗੁਪਤ ਜਾਂਚ ਤੋਂ ਬਾਅਦ ਲਗਾਏ ਗਏ ਹਨ। ਬੀ.ਸੀ. ਪ੍ਰੋਸੀਕਿਊਸ਼ਨ ਸਰਵਿਸ ਦੀ ਡੈਮੀਅਨ ਡਾਰਬੀ ਨੇ ਖੁਲਾਸਾ ਕੀਤਾ ਕਿ ਕਾਲ ਦੋਸਾਂਝ ਵਿਰੁੱਧ ਕੁੱਲ 9 ਮਾਮਲੇ ਦਰਜ ਕੀਤੇ ਗਏ ਹਨ। ਇਨ੍ਹਾਂ ਵਿੱਚ 5,000 ਡਾਲਰ ਤੋਂ ਵੱਧ ਦੀ ਧੋਖਾਧੜੀ ਦੇ 4 ਦੋਸ਼, 5,000 ਡਾਲਰ ਤੋਂ ਵੱਧ ਦੀ ਚੋਰੀ ਦੇ 4 ਦੋਸ਼ ਅਤੇ ਇੱਕ ਜਨਤਕ ਅਧਿਕਾਰੀ ਵਜੋਂ ਭਰੋਸਾ ਤੋੜਨ ਦਾ 1 ਦੋਸ਼ ਸ਼ਾਮਲ ਹੈ। ਕਾਲ ਦੋਸਾਂਝ ਨੂੰ ਸਰੀ ਸ਼ਹਿਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਮਾਮਲੇ ਵਿੱਚ ਕਾਲ ਦੋਸਾਂਝ ਦੇ ਨਾਲ 51 ਸਾਲਾ ਸਰਬਜੀਤ ਸਿੰਘ ਗਿੱਲ ਨੂੰ ਵੀ ਸਹਿ-ਮੁਲਜ਼ਮ ਬਣਾਇਆ ਗਿਆ ਹੈ, ਜਿਸ ਵਿਰੁੱਧ ਧੋਖਾਧੜੀ ਅਤੇ ਚੋਰੀ ਦੇ ਕੁੱਲ 6 ਦੋਸ਼ ਆਇਦ ਕੀਤੇ ਗਏ ਹਨ। ਸਰਕਾਰੀ ਦਸਤਾਵੇਜ਼ਾਂ ਮੁਤਾਬਕ ਇਹ ਕਥਿਤ ਅਪਰਾਧ 8 ਦਸੰਬਰ, 2017 ਤੋਂ 25 ਜੁਲਾਈ, 2025 ਦਰਮਿਆਨ ਵੈਨਕੂਵਰ, ਸਰੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਹੋਰਨਾਂ ਇਲਾਕਿਆਂ ਵਿੱਚ ਕੀਤੇ ਗਏ ਸਨ। ਅਦਾਲਤੀ ਰਿਕਾਰਡ ਅਨੁਸਾਰ ਉਹ ਫਿਲਹਾਲ ਹਿਰਾਸਤ ਵਿੱਚ ਹਨ ਅਤੇ ਉਨ੍ਹਾਂ ਨੂੰ 17 ਸਤੰਬਰ ਨੂੰ ਵੈਨਕੂਵਰ ਪ੍ਰੋਵਿੰਸ਼ੀਅਲ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਜਿੱਥੇ ਅਗਲੀ ਸੁਣਵਾਈ ਦੀ ਤਾਰੀਖ਼ ਤੈਅ ਹੋਵੇਗੀ। ਅਦਾਲਤ ਨੇ ਫਿਲਹਾਲ ਦੋਸਾਂਝ ਦੀ ਜ਼ਮਾਨਤ ਦੀ ਸੁਣਵਾਈ ਦੀ ਰਿਪੋਰਟਿੰਗ ‘ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ।

ਇੱਥੇ ਦੱਸ ਦਈਏ ਕਿ ਕਾਲ ਦੋਸਾਂਝ ਪਿਛਲੇ 25 ਸਾਲਾਂ ਤੋਂ ਵੱਧ ਸਮੇਂ ਤੋਂ ਵੈਨਕੂਵਰ ਪੁਲਿਸ ਵਿੱਚ ਤਾਇਨਾਤ ਹਨ। ਉਨ੍ਹਾਂ ਨੇ ਆਪਣੇ ਇਸ ਲੰਬੇ ਕਰੀਅਰ ਦੌਰਾਨ ਵਿਭਾਗ ਦੇ ‘ਫਾਈਨੈਂਸ਼ੀਅਲ ਕਰਾਈਮਜ਼ ਯੂਨਿਟ’ ਵਿੱਚ ਬਤੌਰ ਸੀਨੀਅਰ ਜਾਸੂਸ ਸਮੇਤ ਕਈ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਉਨ੍ਹਾਂ ਨੇ ਸਾਲ 2015 ਵਿੱਚ ਮੁਸ਼ਕਿਲਾਂ ਵਿੱਚ ਘਿਰੇ ਅਤੇ ਖ਼ਤਰੇ ਦੀ ਕੜੀ ਹੇਠ ਆਉਂਦੇ ਬੱਚਿਆਂ ਦੀ ਮਦਦ ਲਈ ‘ਕਿਡਜ਼ਪਲੇ ਫਾਊਂਡੇਸ਼ਨ’ ਨਾਮਕ ਸੰਸਥਾ ਦੀ ਸਥਾਪਨਾ ਕੀਤੀ ਸੀ, ਜੋ 2019 ਵਿੱਚ ਇੱਕ ਰਜਿਸਟਰਡ ਚੈਰਿਟੀ ਬਣੀ। ਦੋਸਾਂਝ ਇਸ ਦੇ ਸੰਸਥਾਪਕ ਅਤੇ ਮੌਜੂਦਾ ਸੀ.ਈ.ਓ. ਹਨ। ਉਨ੍ਹਾਂ ਦੇ ਇਸ ਸਮਾਜਿਕ ਕਾਰਜ ਲਈ ਉਨ੍ਹਾਂ ਨੂੰ ਵੱਕਾਰੀ ‘ਕਿੰਗ ਚਾਰਲਸ ਕੋਰੋਨੇਸ਼ਨ ਮੈਡਲ’ ਅਤੇ ‘ਕੁਈਨਜ਼ ਪਲੈਟੀਨਮ ਜੁਬਲੀ ਮੈਡਲ’ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਪੁਲਿਸ ਨੇ ਇਸ ਮਾਮਲੇ ਦੇ ਸਬੰਧ ਵਿੱਚ ਕਿਡਜ਼ਪਲੇ ਫਾਊਂਡੇਸ਼ਨ ਦੇ ਸਰੀ ਸਥਿਤ ਦਫ਼ਤਰਾਂ ਸਮੇਤ ਕਈ ਥਾਵਾਂ ‘ਤੇ ਤਲਾਸ਼ੀ ਵੀ ਲਈ ਹੈ। ਉਸਦੀ ਪਤਨੀ ਸੈਂਡੀ ਦੋਸਾਂਝ ਸਰੀ ਦੀ ਕੰਜ਼ਰਵੇਟਿਵ ਪਾਰਟੀ ਲਈ ਕੌਂਸਲ ਉਮੀਦਵਾਰ ਹੈ।

ਦੂਜੇ ਪਾਸੇ, ਲਾਅ ਫਰਮ ‘ਅਲਾਇੰਸ ਲਾਇਰਜ਼’ ਨੇ ਕਾਲ ਦੋਸਾਂਝ ਦੇ ਬਚਾਅ ਵਿੱਚ ਬਿਆਨ ਜਾਰੀ ਕਰਦਿਆਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ ਹੈ। ਉਨ੍ਹਾਂ ਕਿਹਾ ਕਿ ਦੋਸਾਂਝ ਨੇ ਕੋਈ ਅਪਰਾਧ ਨਹੀਂ ਕੀਤਾ ਹੈ ਅਤੇ ਉਹ ਪੂਰੀ ਤਰ੍ਹਾਂ ਬੇਕਸੂਰ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕਿਸੇ ਦੀ ਸਿਰਫ਼ ਗ੍ਰਿਫ਼ਤਾਰੀ ਹੋਣਾ ਜਾਂ ਗ੍ਰਿਫ਼ਤਾਰੀ ਦੀ ਰਿਪੋਰਟ ਸਾਹਮਣੇ ਆਉਣਾ ਅਪਰਾਧਿਕ ਜ਼ਿੰਮੇਵਾਰੀ ਜਾਂ ਗੁਨਾਹ ਦਾ ਸਬੂਤ ਨਹੀਂ ਹੁੰਦਾ। ਇਸ ਮਾਮਲੇ ਸਬੰਧੀ ਵਧੇਰੇ ਵੇਰਵੇ ਸਾਂਝੇ ਕਰਨ ਲਈ ਚੀਫ਼ ਕਾਂਸਟੇਬਲ ਸਟੀਵ ਰਾਏ ਅਤੇ ਸੁਪਰਡੈਂਟ ਮਾਈਕ ਰਿਚੀ ਦੀ ਅਗਵਾਈ ਵਿੱਚ ਇੱਕ ਪ੍ਰੈੱਸ ਕਾਨਫਰੰਸ ਵੀ ਸੱਦੀ ਗਈ ਹੈ।ਦੱਸ ਦੇਈਏ ਕਿ ਅਦਾਲਤ ਵਿੱਚ ਅਜੇ ਤੱਕ ਕੋਈ ਵੀ ਦੋਸ਼ ਸਾਬਤ ਨਹੀਂ ਹੋਇਆ ਹੈ।

## ਕੈਨੇਡਾ ’ਚ ਸਿੱਖ ਵਿਅਕਤੀ ਤੇ ਨਸਲੀ ਹਮਲਾ, ਚਾਕੂ ਮਾਰ ਕੇ ਕੀਤਾ ਜ਼ਖ਼ਮੀ




**ਟੋਰਾਂਟੋ**: ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿੱਚ ਇੱਕ ਸਿੱਖ ਵਿਅਕਤੀ ‘ਤੇ ਨਸਲੀ ਨਫ਼ਰਤ ਤੋਂ ਪ੍ਰੇਰਿਤ ਹਮਲਾ ਹੋਣ ਦਾ ਬੇਹੱਦ ਮੰਦਭਾਗਾ ਮਾਮਲਾ ਸਾਹਮਣੇ ਆਇਆ ਹੈ। ਸ਼ਨੀਵਾਰ ਨੂੰ ਇੱਕ ਅਣਪਛਾਤੇ ਵਿਅਕਤੀ ਨੇ ਇੱਕ ਸਿੱਖ ਵਿਅਕਤੀ ‘ਤੇ ਚਾਕੂ ਨਾਲ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ। ਟੋਰਾਂਟੋ ਪੁਲਿਸ ਨੇ ਸੋਮਵਾਰ ਨੂੰ ਇਸ ਮਾਮਲੇ ਸੰਬੰਧੀ ਇੱਕ ਬਿਆਨ ਜਾਰੀ ਕਰਦਿਆਂ ਸ਼ੱਕੀ ਹਮਲਾਵਰ ਦੀ ਤਸਵੀਰ ਸਾਂਝੀ ਕੀਤੀ ਹੈ ਅਤੇ ਉਸ ਦੀ ਪਛਾਣ ਕਰਨ ਲਈ ਆਮ ਲੋਕਾਂ ਤੋਂ ਮਦਦ ਮੰਗੀ ਹੈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਹਮਲਾਵਰ ਦਾ ਕੱਦ ਲਗਭਗ 5 ਫੁੱਟ 6 ਇੰਚ ਹੈ ਅਤੇ ਉਸ ਦੇ ਵਾਲ ਕਾਲੇ ਹਨ। ਇਸ ਪੂਰੀ ਘਟਨਾ ਨੂੰ ਨਸਲੀ ਨਫ਼ਰਤ ਤੋਂ ਪ੍ਰੇਰਿਤ ਅਪਰਾਧ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਇਸ ਦੀ ਜਾਂਚ ਪੁਲਿਸ ਦੀ ‘ਹੇਟ ਕ੍ਰਾਈਮ ਯੂਨਿਟ’ ਵੱਲੋਂ ਕੀਤੀ ਜਾ ਰਹੀ ਹੈ।

ਟੋਰਾਂਟੋ ਪੁਲਿਸ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਸ਼ੱਕੀ ਹਮਲਾਵਰ ਨੇ ਬਿਨਾਂ ਕਿਸੇ ਉਕਸਾਹਟ ਦੇ ਪੀੜਤ ਸਿੱਖ ਵਿਅਕਤੀ ਅਤੇ ਇੱਕ ਗਵਾਹ ਕੋਲ ਪਹੁੰਚ ਕੇ ਉਨ੍ਹਾਂ ਨਾਲ ਗੱਲਬਾਤ ਸ਼ੁਰੂ ਕੀਤੀ। ਇਸ ਦੌਰਾਨ ਹਮਲਾਵਰ ਨੇ ਸਿੱਖ ਵਿਰੋਧੀ ਅਤੇ ਨਸਲੀ ਟਿੱਪਣੀਆਂ ਕੀਤੀਆਂ। ਇਸ ਤੋਂ ਬਾਅਦ ਉਸ ਨੇ ਤੇਜ਼ਧਾਰ ਹਥਿਆਰ (ਚਾਕੂ) ਨਾਲ ਸਿੱਖ ਵਿਅਕਤੀ ‘ਤੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਸਿੱਖ ਵਿਅਕਤੀ ਦੇ ਪੱਟ ‘ਤੇ ਚਾਕੂ ਵੱਜਾ, ਜਿਸ ਕਾਰਨ ਉਹ ਜ਼ਖਮੀ ਹੋ ਗਿਆ। ਹਾਲਾਂਕਿ, ਚੰਗੀ ਗੱਲ ਇਹ ਹੈ ਕਿ ਉਸ ਦੇ ਜ਼ਖਮ ਜਾਨਲੇਵਾ ਨਹੀਂ ਹਨ।


WCC WESTERN COMMUNITY COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE
IN 52 WEEKS

AVIATION
EARN YOUR
PPL & CPL

PHARMACY
TECHNICIAN
HIGH-DEMAND,
HIGH-PAYING FIELD

APPLY NOW: WCC.CA

# ਭਾਈ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ 5 ਸਤੰਬਰ ਨੂੰ ਚੇਤਨਾ ਰੋਸ ਮੁਜ਼ਾਹਰਾ

**ਸਰੀ**, (ਹਰਦਮ ਮਾਨ)- ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਅਤੇ ਸਿੱਖ ਮਰਿਆਦਾ ਦੀ ਬਹਾਲੀ, ਭਾਈ ਜਗਤਾਰ ਸਿੰਘ ਹਵਾਰਾ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਨੂੰ ਪੈਰੋਲ ਦੇਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਮੂਹ ਸੰਗਤਾਂ, ਸਿੱਖ ਜਥੇਬੰਦੀਆਂ, ਸਤਿਕਾਰ ਕਮੇਟੀ ਅਤੇ ਕਿਸਾਨ ਜਥੇਬੰਦੀਆਂ ਵੱਲੋਂ 5 ਸਤੰਬਰ ਨੂੰ ਚੇਤਨਾ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸਤਿਕਾਰ ਕਮੇਟੀ ਦੇ ਬੁਲਾਰੇ ਕੁਲਦੀਪ ਸਿੰਘ, ਸਿੱਖ ਜਥੇਬੰਦੀਆਂ ਦੇ ਬੁਲਾਰੇ ਧਰਮ ਸਿੰਘ ਅਤੇ ਕਿਸਾਨ ਜਥੇਬੰਦੀਆਂ ਦੇ ਬੁਲਾਰੇ ਗੁਰਚਰਨ ਸਿੰਘ ਨੇ ਦੱਸਿਆ ਕਿ ਇਹ ਰੋਸ ਮੁਜ਼ਾਹਰਾ 5 ਸਤੰਬਰ ਨੂੰ ਸ਼ਾਮ 5 ਵਜੇ ਤੋਂ 7 ਵਜੇ ਤੱਕ 88 ਐਵਨਿਊ ਅਤੇ ਕਿੰਗ ਜੌਰਜ ਚੌਂਕ, ਬੇਅਰ ਕਰੀਕ ਪਾਰਕ ਨੇੜੇ ਕੀਤਾ ਜਾਵੇਗਾ। ਆਗੂਆਂ ਨੇ ਸਮੂਹ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਆਪਣੀ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ।

ਆਗੂਆਂ ਨੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੇ ਜਾਣ ’ਤੇ ਸਵਾਲ ਉਠਾਉਂਦਿਆਂ ਕਿਹਾ ਕਿ ਇੱਕ ਪਾਸੇ ਉਸ ਨੂੰ ਲਗਾਤਾਰ ਪੈਰੋਲ ਮਿਲ ਰਹੀ ਹੈ, ਜਦਕਿ ਦੂਜੇ ਪਾਸੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਉਨ੍ਹਾਂ ਦੀ ਮਾਤਾ ਦੀ ਗੰਭੀਰ ਸਿਹਤ ਦੇ ਬਾਵਜੂਦ ਪੈਰੋਲ ਦੇਣ ਵਿੱਚ ਸਰਕਾਰਾਂ ਵੱਲੋਂ ਕਥਿਤ ਤੌਰ ’ਤੇ ਟਾਲਮਟੋਲ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨਾਲ ਕੀਤੇ ਜਾ ਰਹੇ ਕਥਿਤ ਵਿਤਕਰੇ ਅਤੇ ਉਨ੍ਹਾਂ ਦੀਆਂ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹੋਣ ਦੇ ਬਾਵਜੂਦ ਰਿਹਾਈ ਨਾ ਕੀਤੇ ਜਾਣ ਕਾਰਨ ਸਿੱਖ ਭਾਈਚਾਰੇ ਵਿੱਚ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਬੰਦੀ ਸਿੰਘਾਂ ਦੇ ਮਾਮਲੇ ਨੂੰ ਮਨੁੱਖੀ ਅਤੇ ਨਿਆਂਸੰਗਤ ਦ੍ਰਿਸ਼ਟੀਕੋਣ ਨਾਲ ਵਿਚਾਰਦਿਆਂ ਉਨ੍ਹਾਂ ਦੀ ਰਿਹਾਈ ਲਈ ਠੋਸ ਕਦਮ ਚੁੱਕੇ ਜਾਣ।

ਉਨ੍ਹਾਂ ਸਰਕਾਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਲਗਾਤਾਰ ਅਣਗੌਲਿਆ ਨਾ ਕੀਤਾ ਜਾਵੇ। ਜੇਕਰ ਸਰਕਾਰਾਂ ਨੇ ਇਨ੍ਹਾਂ ਮਸਲਿਆਂ ਵੱਲ ਤੁਰੰਤ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਹਾਲਾਤ ਹੋਰ ਗੰਭੀਰ ਹੋ ਸਕਦੇ ਹਨ। ਆਗੂਆਂ ਨੇ ਸਮੂਹ ਸੰਗਤਾਂ ਨੂੰ 5 ਸਤੰਬਰ ਦੇ ਚੇਤਨਾ ਰੋਸ ਮੁਜ਼ਾਹਰੇ ਵਿੱਚ ਸ਼ਾਂਤਮਈ ਢੰਗ ਨਾਲ ਸ਼ਾਮਲ ਹੋਣ ਦੀ ਅਪੀਲ ਕੀਤੀ।

## ਸੱਪਾਂ ਦੇ ਯਰਾਨੇ

ਸੱਪ ਜਿੰਨੇ ਅਸੀਂ ਪਾਲੇ, ਡੰਗ ਸਾਰਿਆਂ ਨੇ ਮਾਰੇ
ਅਸੀਂ ਫੁੱਲ ਬਣ ਵਿਛੇ ,ਕੰਡੇ ਉਹਨਾਂ ਨੇ ਖਿਲਾਰੇ

ਮੈਂ ਕਾਹਨੂੰ ਇਲਜ਼ਾਮ, ਧੂੜਾਂ ਉੱਡੀਆਂ ਨੂੰ ਦੇਵਾਂ
ਹੰਝੂ ਅੱਖੀਆਂ ਨੂੰ ਦਿੱਤੇ,ਜਿਹੜੇ ਅੱਖੀਆਂ ਦੇ ਤਾਰੇ

ਓਹੀ ਝੂਟਦੇ ਚੰਡੋਲ, ਅੱਜ ਗੈਰਾਂ ਨਾਲ ਬਹਿ ਕੇ
ਪੀਂਘਾਂ ਸਾਡੀਆਂ ਤੇ ਜਿਹਨਾਂ,ਕਦੇ ਲਏ ਸੀ ਹੁਲਾਰੇ

ਹੁਣ ਢੀਠ ਜਿਹੇ ਹੋਗੇ,ਫ਼ੋਨ ਚੱਕਦੇ ਨੀ ਸਾਡਾ,
ਫੋਨ ਕਰ ਕਰ ਜਿਹਨਾਂ,ਪੈਸੇ ਲਏ ਸੀ ਉਧਾਰੇ

ਜਿਹਨਾਂ ਵਾਸਤੇ ਸੀ ਲੜੇ,ਵੈਰ ਥਾਂ ਥਾਂ ਸੀ ਪਾਏ
ਉਹਨਾਂ ਵਾਸਤੇ ਯਾਰਾਨੇ, ਸਾਡੇ ,ਹੋਗੇ ਅੱਜ ਮਾੜੇ

ਕਿੰਝ ਕੱਟੀਆਂ ਨੇ ਰਾਤਾਂ, ਖ਼ਬਰ ਨੇਹਰਿਆਂ ਨੂੰ ਹੋਊ
ਇਹ ਤਾਂ ਸਾਨੂੰ ਹੀ ਪਤਾ ਏ ,ਦਿਨ ਕਿਵੇਂ ਆ ਗੁਜ਼ਾਰੇ

ਉਹੀ ਜੜ੍ਹਾ ਵਿੱਚ ਬਹਿ ਗਏ,ਉਹੀ ਜਾਨ ਕੱਢ ਲੈ ਗਏ
ਸਹੇਂਤਿਆ ਸੀ ਤੈਨੂੰ, ਜਿਹੜੇ ਜਾਨ ਤੋਂ ਪਿਆਰੇ

ਸੱਪ ਜਿਹੜੇ ਹੱਥੀਂ ਪਾਲ਼ੇ, ਡੰਗ ਉਹਨਾਂ ਨੇ ਹੀ ਮਾਰੇ
ਉਹਨਾਂ ਮਿੱਟੀ ਚ ਮਿਲਾਇਆ,ਜਿਹੜੇ ਅੰਬਰਾਂ ਤੇ ਚਾਹੜੇ

**ਕੁਲਵੀਰ ਸਿੰਘ ਡਾਨਸੀਵਾਲ**
778 863 2472

# ਸਰੀ ਦੀ ਮਸਜਿਦ ’ਤੇ ਲਿਖੀਆਂ ਨਫ਼ਰਤੀ ਧਮਕੀਆਂ; ਦਰਵਾਜ਼ਿਆਂ ਨੇੜੇ ਸੂਰ ਦਾ ਮਾਸ ਰੱਖਿਆ

**ਸਰੀ**: ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਥਿਤ ਸਰੀ ਸ਼ਹਿਰ ਵਿੱਚ ਨਫ਼ਰਤ ਅਤੇ ਇਸਲਾਮੋਫੋਬੀਆ ਦੀ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਇੱਥੋਂ ਦੇ ‘ਫਲੀਟਵੁੱਡ ਇਸਲਾਮਿਕ ਸੈਂਟਰ’ ਨੂੰ ਨਿਸ਼ਾਨਾ ਬਣਾਉਂਦਿਆਂ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ, ਜਿਸ ਨੇ ਸਥਾਨਕ ਮੁਸਲਿਮ ਭਾਈਚਾਰੇ ਵਿੱਚ ਚਿੰਤਾ ਪੈਦਾ ਕੀਤੀ ਹੈ।

ਤੜਕੇ ਜਦੋਂ ਨਮਾਜ਼ੀ ਮਸਜਿਦ ਪਹੁੰਚੇ ਤਾਂ ਉਨ੍ਹਾਂ ਨੇ ਇਮਾਰਤ ਦੀਆਂ ਕੰਧਾਂ ‘ਤੇ ਮੁਸਲਮਾਨਾਂ ਵਿਰੁੱਧ ਅਪਮਾਨਜਨਕ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਲਿਖੀਆਂ ਹੋਈਆਂ ਦੇਖੀਆਂ। ਕੰਧਾਂ ‘ਤੇ “get out or die” ਅਤੇ “Islami is trash” ਵਰਗੇ ਸ਼ਬਦ ਉੱਕਰੇ ਹੋਏ ਸਨ। ਇਸ ਤੋਂ ਇਲਾਵਾ, ਮਸਜਿਦ ਦੇ ਦਰਵਾਜ਼ਿਆਂ ਦੇ ਹੈਂਡਲ ਅਤੇ ਖਿੜਕੀਆਂ ਨੇੜੇ ਕੱਚਾ ਸੂਰ ਦਾ ਮਾਸ ਵੀ ਰੱਖਿਆ ਗਿਆ ਸੀ। ਅਧਿਕਾਰੀਆਂ ਮੁਤਾਬਕ ਇਹ ਘਟਨਾ ਸ਼ੁੱਕਰਵਾਰ ਰਾਤ 11 ਵਜੇ ਤੋਂ ਸ਼ਨਿਚਰਵਾਰ ਸਵੇਰ ਦੇ 5 ਵਜੇ ਦੇ ਵਿਚਕਾਰ ਵਾਪਰੀ ਹੋਣ ਦਾ ਸ਼ੱਕ ਹੈ।

ਰਾਇਲ ਕੈਨੇਡੀਅਨ ਮਾਊਂਟ ਪੁਲੀਸ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਜਾਂਚ ‘ਹੇਟ ਕ੍ਰਾਈਮ’ (ਨਫ਼ਰਤ ਅਪਰਾਧ) ਵਜੋਂ ਸ਼ੁਰੂ ਕਰ ਦਿੱਤੀ ਹੈ। ਮਸਜਿਦ ਪ੍ਰਬੰਧਕਾਂ ਨੇ ਸਪੱਸ਼ਟ ਕੀਤਾ ਹੈ ਕਿ ਉਹ ਦੋਸ਼ੀਆਂ ਨੂੰ ਫੜਾਉਣ ਲਈ ਪੁਲਿਸ ਨਾਲ ਪੂਰਨ ਸਹਿਯੋਗ ਕਰ ਰਹੇ ਹਨ।

ਇਸ ਘਟਨਾ ਦੀ ਖ਼ਬਰ ਸਾਹਮਣੇ ਆਉਣ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਦੀ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਇਸ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਨੇ ਪ੍ਰਭਾਵਿਤ ਭਾਈਚਾਰੇ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਸਮਾਜ ਵਿੱਚ ਅਜਿਹੀ ਨਫ਼ਰਤ ਅਤੇ ਹਿੰਸਾ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ।

ਮਸਜਿਦ ਪ੍ਰਬੰਧਕਾਂ ਅਤੇ ਫਲੀਟਵੁੱਡ ਇਸਲਾਮਿਕ ਅਕੈਡਮੀ ਸੁਸਾਇਟੀ ਨੇ ਇਸ ਘਟਨਾ ਨੂੰ ਸਿਰਫ਼ ਇੱਕ ਮਾਮੂਲੀ ਤੋੜ-ਫੋੜ ਨਹੀਂ ਮੰਨਿਆ। ਉਨ੍ਹਾਂ ਨੇ ਇਸ ਦੀ ਤੁਲਨਾ 2017 ਵਿੱਚ ਕਿਊਬਿਕ ਸਿਟੀ ਦੀ ਮਸਜਿਦ ਦੇ ਬਾਹਰ ਵਾਪਰੀਆਂ ਘਟਨਾਵਾਂ ਨਾਲ ਕੀਤੀ ਹੈ, ਜਿੱਥੇ ਬਾਅਦ ਵਿੱਚ ਇੱਕ ਭਿਆਨਕ ਗੋਲ਼ੀਬਾਰੀ ਵਿੱਚ ਛੇ ਬੇਕਸੂਰ ਲੋਕਾਂ ਦੀ ਜਾਨ ਚਲੀ ਗਈ ਸੀ।

ਪ੍ਰਬੰਧਕਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਵਿੱਚ ਮੁਸਲਿਮ ਭਾਈਚਾਰੇ ਵਿਰੁੱਧ ਅਜਿਹੇ ਨਫ਼ਰਤ ਭਰੇ ਵਤੀਰੇ ਵਿੱਚ ਵਾਧਾ ਹੋਇਆ ਹੈ। ਸੁਸਾਇਟੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਨਮਾਜ਼ੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕਿਆ ਜਾ ਰਿਹਾ ਹੈ। ਨਾਲ ਹੀ, ਸੂਬੇ ਦੇ ਸਿਆਸੀ ਅਤੇ ਸਮਾਜਿਕ ਆਗੂਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਅਜਿਹੇ ਤੱਤਾਂ ਅਤੇ ਹਮਲਿਆਂ ਵਿਰੁੱਧ ਖੁੱਲ੍ਹ ਕੇ ਆਪਣੀ ਆਵਾਜ਼ ਬੁਲੰਦ ਕਰਨ। ਪੁਲੀਸ ਦੀ ਜਾਂਚ ਜਾਰੀ ਹੈ ਅਤੇ ਹਾਲੇ ਤੱਕ ਕਿਸੇ ਵੀ ਸ਼ੱਕੀ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਹੋਈ ਹੈ।

ANSATEL COMMUNICATIONS

Helping Lower Mainland Businesses Since 1983

- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Panasonic ideas for life



Helping Lower Mainland Businesses Since 1983

*Customized Solutions to Suit Your Needs.*

**604-872-6500**

2148 Kingsway, Vancouver [ www.ansatel.com - info@ansatel.com

24/7 SALES & SERVICE

# ਕੈਨੇਡਾ ਦੀਆਂ ਜ਼ਿਮਨੀ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਜਿੱਤ




ਕੈਨੇਡਾ ਸੰਸਦ ਦੀਆਂ ਤਿੰਨ ਖ਼ਾਲੀ ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਹੇਠਲੀ ਸੱਤਾਧਾਰੀ ਲਿਬਰਲ ਪਾਰਟੀ ਨੇ ਤਿੰਨੇ ਸੀਟਾਂ 'ਤੇ ਹੂੰਝਾਫੇਰ ਜਿੱਤ ਦਰਜ ਕੀਤੀ ਹੈ। ਇਸ ਸ਼ਾਨਦਾਰ ਜਿੱਤ ਦੇ ਨਾਲ ਹੀ ਪਾਰਟੀ ਨੇ ਸੰਸਦ ਵਿੱਚ ਬਹੁਮਤ ਦਾ ਅੰਕੜਾ ਪਾਰ ਕਰ ਲਿਆ ਹੈ।

ਵੈਨਕੂਵਰ, ਟੋਰਾਂਟੋ ਅਤੇ ਕਿਊਬੈਕ ਹਲਕਿਆਂ ਵਿੱਚ ਵੋਟਾਂ ਪੈਣ ਦਾ ਅਮਲ ਸਵੇਰ ਤੋਂ ਲੈ ਕੇ ਸ਼ਾਮ ਤੱਕ ਜਾਰੀ ਰਿਹਾ। ਵੋਟਿੰਗ ਖ਼ਤਮ ਹੋਣ ਤੋਂ ਤੁਰੰਤ ਬਾਅਦ ਗਿਣਤੀ ਸ਼ੁਰੂ ਹੋ ਗਈ ਸੀ ਅਤੇ ਮੁੱਢਲੇ ਰੁਝਾਨਾਂ ਤੋਂ ਹੀ ਲਿਬਰਲ ਪਾਰਟੀ ਦੀ ਜਿੱਤ ਯਕੀਨੀ ਲੱਗ ਰਹੀ ਸੀ।

ਇਨ੍ਹਾਂ ਤਿੰਨਾਂ ਵਿੱਚੋਂ ਦੋ ਸੀਟਾਂ ਪਹਿਲਾਂ ਵੀ ਲਿਬਰਲ ਪਾਰਟੀ ਕੋਲ ਹੀ ਸਨ, ਜਦਕਿ ਇੱਕ ਸੀਟ ਉੱਤੇ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਦਾ ਕਬਜ਼ਾ ਸੀ। ਲਿਬਰਲ ਪਾਰਟੀ ਨੇ ਵਿਰੋਧੀ ਧਿਰ ਦੇ ਗੜ੍ਹ ਵਿੱਚ ਵੀ ਸੰਨ੍ਹ ਲਾਉਂਦਿਆਂ ਇਹ ਸੀਟ ਆਪਣੇ ਨਾਂ ਕਰ ਲਈ ਹੈ। ਹੁਣ 343 ਮੈਂਬਰੀ ਹਾਊਸ ਵਿੱਚ ਲਿਬਰਲ ਪਾਰਟੀ ਕੋਲ 173 ਮੈਂਬਰ ਹੋ ਗਏ ਹਨ, ਜੋ ਬਹੁਮਤ ਤੋਂ ਇੱਕ ਵੱਧ ਹੈ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਦੇ 141, ਬਲਾਕ ਕਿਊਬਕਵਾ ਦੇ 22, ਐੱਨ ਡੀ ਪੀ ਦੇ 6 ਅਤੇ ਗਰੀਨ ਪਾਰਟੀ ਦਾ ਇੱਕ ਮੈਂਬਰ ਹੈ।

ਪਿਛਲੇ ਤਿੰਨ ਮਹੀਨਿਆਂ ਤੋਂ ਦੋ ਸੀਟਾਂ ਘਟਣ ਕਾਰਨ ਸਰਕਾਰ ਨੂੰ ਵਿੱਤੀ ਬਿੱਲ ਪਾਸ ਕਰਵਾਉਣ ਲਈ ਹੋਰਨਾਂ ਪਾਰਟੀਆਂ ਦੀ ਹਮਾਇਤ ਲੈਣੀ ਪੈ ਰਹੀ ਸੀ, ਪਰ ਹੁਣ ਬਹੁਮਤ ਮਿਲਣ ਨਾਲ ਸਰਕਾਰ ਦਾ ਰਾਹ ਪੱਧਰਾ ਹੋ ਗਿਆ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਨਤੀਜਿਆਂ ਮਗਰੋਂ ਕਿਹਾ ਕਿ ਇਸ ਅਹਿਮ ਸਮੇਂ ਵਿੱਚ ਦੇਸ਼ ਵਾਸੀਆਂ ਨੇ ਸਰਕਾਰ ਦੀਆਂ ਨੀਤੀਆਂ 'ਤੇ ਭਰੋਸਾ ਪ੍ਰਗਟਾਇਆ ਹੈ।

# ਸਰਕਾਰੀ ਡਾਇਰੈਕਟਰੀ ਬੰਦ ਕਰਨ ਦਾ ਮੁੱਦਾ ਭਖਿਆ

**ਸਰੀ,** (ਹਰਦਮ ਮਾਨ)- ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਸਰਕਾਰੀ ਮੁਲਾਜ਼ਮਾਂ ਦੀ ਆਨਲਾਈਨ ਡਾਇਰੈਕਟਰੀ ਤੱਕ ਜਨਤਕ ਪਹੁੰਚ ਖਤਮ ਕੀਤੇ ਜਾਣ ਦੇ ਫੈਸਲੇ ਨੂੰ ਲੈ ਕੇ ਸਿਆਸੀ ਅਤੇ ਜਨਤਕ ਪੱਧਰ 'ਤੇ ਚਰਚਾ ਤੇਜ਼ ਹੋ ਗਈ ਹੈ। ਸਰੀ ਨੌਰਥ ਤੋਂ ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਐਮਐਲਏ ਮਨਦੀਪ ਧਾਲੀਵਾਲ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਲੋਕਾਂ ਨੂੰ ਇਸ ਮੁੱਦੇ 'ਤੇ ਆਪਣਾ ਵਿਰੋਧ ਦਰਜ ਕਰਵਾਉਣ ਦੀ ਅਪੀਲ ਕੀਤੀ ਹੈ।



ਸ. ਧਾਲੀਵਾਲ ਵੱਲੋਂ ਨੇ ਕਿਹਾ ਹੈ ਕਿ ਸਰਕਾਰੀ ਡਾਇਰੈਕਟਰੀ ਦਹਾਕਿਆਂ ਤੋਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਸਰਕਾਰੀ ਵਿਭਾਗਾਂ ਅਤੇ ਅਧਿਕਾਰੀਆਂ ਤੱਕ ਪਹੁੰਚ ਬਣਾਉਣ ਦਾ ਇੱਕ ਮਹੱਤਵਪੂਰਨ ਸਾਧਨ ਰਹੀ ਹੈ। ਇਸ ਰਾਹੀਂ ਲੋਕ ਆਪਣੇ ਮਸਲਿਆਂ ਨਾਲ ਸਬੰਧਤ ਅਧਿਕਾਰੀ ਜਾਂ ਵਿਭਾਗ ਲੱਭ ਕੇ ਸਿੱਧਾ ਸੰਪਰਕ ਕਰ ਸਕਦੇ ਸਨ। ਪਰ 18 ਅਗਸਤ 2026 ਤੋਂ ਸਰਕਾਰ ਨੇ ਇਸ ਡਾਇਰੈਕਟਰੀ ਤੱਕ ਜਨਤਕ ਪਹੁੰਚ ਬੰਦ ਕਰ ਦਿੱਤੀ ਹੈ। ਇਹ ਡਾਇਰੈਕਟਰੀ 1930 ਦੇ ਦਹਾਕੇ ਤੋਂ ਮੌਜੂਦ ਰਹੀ ਹੈ ਅਤੇ ਇਸ ਵਿੱਚ ਸਰਕਾਰੀ ਕਰਮਚਾਰੀਆਂ ਦੇ ਨਾਮ, ਵਿਭਾਗ, ਕੰਮਕਾਜੀ ਫੋਨ ਨੰਬਰ ਅਤੇ ਈਮੇਲ ਪਤੇ ਵਰਗੀ ਜਾਣਕਾਰੀ ਉਪਲਬਧ ਹੁੰਦੀ ਸੀ।

ਬੀ.ਸੀ. ਸਰਕਾਰ ਨੇ ਇਹ ਕਦਮ ਸਾਈਬਰ ਸੁਰੱਖਿਆ ਅਤੇ ਸਰਕਾਰੀ ਕਰਮਚਾਰੀਆਂ ਦੀ ਨਿੱਜਤਾ ਨਾਲ ਜੁੜੇ ਖਤਰਿਆਂ ਦਾ ਹਵਾਲਾ ਦਿੰਦਿਆਂ ਚੁੱਕਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਸਾਈਬਰ ਹਮਲਿਆਂ ਦੀ ਗਿਣਤੀ ਵਧ ਰਹੀ ਹੈ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਵਧਦੇ ਇਸਤੇਮਾਲ ਨਾਲ ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਨੂੰ ਇਕੱਠਾ ਕਰਕੇ ਨਿਸ਼ਾਨਾਬੱਧ ਹਮਲੇ ਕਰਨਾ ਹੋਰ ਆਸਾਨ ਹੋ ਗਿਆ ਹੈ। ਸਰਕਾਰ ਨੇ ਇਹ ਵੀ ਕਿਹਾ ਹੈ ਕਿ ਉਹ ਇੱਕ ਨਵਾਂ ਡਾਇਰੈਕਟਰੀ ਪੇਜ ਤਿਆਰ ਕਰੇਗੀ, ਜਿਸ ਵਿੱਚ ਸੀਨੀਅਰ ਅਧਿਕਾਰੀਆਂ ਅਤੇ ਸਰਕਾਰੀ ਮੰਤਰਾਲਿਆਂ ਦੇ ਸੰਪਰਕ ਵੇਰਵੇ ਉਪਲਬਧ ਕਰਵਾਏ ਜਾਣਗੇ।

ਦੂਜੇ ਪਾਸੇ ਐਮਐਲਏ ਮਨਦੀਪ ਧਾਲੀਵਾਲ ਦਾ ਮੰਨਣਾ ਹੈ ਕਿ ਸਰਕਾਰੀ ਕਰਮਚਾਰੀਆਂ ਦੀ ਨਿੱਜਤਾ ਦੀ ਰੱਖਿਆ ਅਤੇ ਲੋਕਾਂ ਦੀ ਸਰਕਾਰ ਤੱਕ ਸਿੱਧੀ ਪਹੁੰਚ, ਦੋਵੇਂ ਪੱਖਾਂ ਵਿਚਕਾਰ ਸੰਤੁਲਨ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਹੈ ਕਿ ਸਰਕਾਰੀ ਸੇਵਾਵਾਂ ਅਤੇ ਲੋਕਾਂ ਵਿਚਕਾਰ ਸਿੱਧੇ ਸੰਪਰਕ ਦੇ ਰਸਤੇ ਬੰਦ ਕਰਨਾ ਸਵੀਕਾਰਯੋਗ ਨਹੀਂ ਹੈ। ਧਾਲੀਵਾਲ ਨੇ ਲੋਕਾਂ ਨੂੰ ਇਸ ਮੁੱਦੇ 'ਤੇ ਇਕੱਠੇ ਹੋ ਕੇ ਸਰਕਾਰ ਨੂੰ ਆਪਣਾ ਇਤਰਾਜ਼ ਦੱਸਣ ਅਤੇ ਜਨਤਕ ਪਹੁੰਚ ਤੇ ਜਵਾਬਦੇਹੀ ਨੂੰ ਕਾਇਮ ਰੱਖਣ ਲਈ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

ਇਸੇ ਦੌਰਾਨ ਬੀ.ਸੀ. ਦੇ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਦੇ ਦਫ਼ਤਰ ਨੇ ਵੀ ਸਰਕਾਰ ਵੱਲੋਂ ਡਾਇਰੈਕਟਰੀ ਹਟਾਉਣ ਦੇ ਫੈਸਲੇ ਦੀ ਸਮੀਖਿਆ ਸ਼ੁਰੂ ਕਰ ਦਿੱਤੀ ਹੈ। ਕਮਿਸ਼ਨਰ ਮਾਈਕਲ ਹਾਰਵੇ ਨੇ ਕਿਹਾ ਹੈ ਕਿ ਸਾਈਬਰ ਸੁਰੱਖਿਆ ਦੇ ਖਤਰੇ ਗੰਭੀਰ ਹਨ ਪਰ ਜਨਤਾ ਲਈ ਕੋਈ ਕਾਰਗਰ ਬਦਲ ਮੁਹੱਈਆ ਕਰਵਾਏ ਬਿਨਾਂ ਡਾਇਰੈਕਟਰੀ ਹਟਾਉਣਾ ਪਾਰਦਰਸ਼ਤਾ ਸਬੰਧੀ ਮਹੱਤਵਪੂਰਨ ਸਵਾਲ ਖੜ੍ਹੇ ਕਰਦਾ ਹੈ।






# ਕੈਨੇਡਾ ਦਾ ਵਿਜ਼ਟਰ ਵੀਜ਼ਾ 31 ਦਿਨ ਅਤੇ ਸਟੱਡੀ ਵੀਜ਼ਾ 5 ਹਫਤੇ ਅੰਦਰ



**ਟੋਰਾਂਟੋ** : ਕੈਨੇਡਾ ਦੇ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਅਤੇ ਵਰਕ ਪਰਮਿਟ ਲਈ ਭਾਰਤ ਤੇ ਪਾਕਿਸਤਾਨ ਤੋਂ ਦਾਖ਼ਲ ਹੋਣ ਵਾਲੀਆਂ ਅਰਜ਼ੀਆਂ ਦੇ ਪ੍ਰੋਸੈਸਿੰਗ ਟਾਈਮ ਵਿਚ ਮੁੜ ਕਮੀ ਦੇਖਣ ਨੂੰ ਮਿਲੀ ਹੈ। ਜੀ ਹਾਂ, ਇੰਡੀਆ ਤੋਂ ਦਾਖਲ ਸਟੱਡੀ ਵੀਜ਼ਾ ਅਰਜ਼ੀਆਂ ਦੇ ਨਿਪਟਾਰੇ ਦਾ ਸਮਾਂ ਦੋ ਹਫਤੇ ਘਟ ਗਿਆ ਹੈ ਜਦਕਿ ਪਾਕਿਸਤਾਨ ਤੋਂ ਦਾਖ਼ਲ ਵਰਕ ਪਰਮਿਟ ਅਰਜ਼ੀਆਂ ਲਈ ਹਾਂ ਜਾਂ ਨਾਂਹ ਕਹਿਣ ਵਾਸਤੇ ਇਕ ਹਫ਼ਤਾ ਘੱਟ ਲੱਗ ਰਿਹਾ ਹੈ। ਸੁਪਰ ਵੀਜ਼ਾ ਦੇ ਮਾਮਲੇ ਵਿਚ ਪਾਕਿਸਤਾਨ ਤੋਂ ਦਾਖਲ ਅਰਜ਼ੀਆਂ ਦਾ ਨਿਬੇੜਾ ਅਗਸਤ ਦੇ ਮੁਕਾਬਲੇ 23 ਦਿਨ ਘੱਟ ਸਮੇਂ ਦੌਰਾਨ ਹੋ ਰਿਹਾ ਹੈ।

**ਇੰਮੀਗ੍ਰੇਸ਼ਨ ਮਹਿਕਮੇ ਨੇ ਫੜੀ ਅਰਜ਼ੀਆਂ ਨਿਬੇੜਨ ਦੀ ਰਫ਼ਤਾਰ:**

ਇੰਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਜਾਰੀ ਤਾਜ਼ਾ ਜਾਣਕਾਰੀ ਮੁਤਾਬਕ ਕੈਨੇਡਾ ਵਿਚ ਮੌਜੂਦਗੀ ਦੌਰਾਨ ਦਾਖ਼ਲ ਸਟੱਡੀ ਪਰਮਿਟ ਅਰਜ਼ੀਆਂ ਦੀ ਪ੍ਰੋਸੈਸਿੰਗ 8 ਹਫ਼ਤੇ ਦੇ ਅੰਦਰ ਕੀਤੀ ਜਾ ਰਹੀ ਹੈ ਜੋ ਪਹਿਲਾਂ 7 ਹਫ਼ਤੇ ਵਿਚ ਕੀਤੀ ਜਾ ਰਹੀ ਸੀ। ਇੰਡੀਆ ਤੋਂ ਦਾਖ਼ਲ ਸਟੱਡੀ ਵੀਜ਼ਾ ਅਰਜ਼ੀਆਂ ਪੰਜ ਹਫ਼ਤੇ ਵਿਚ ਨਿਬੇੜੀਆਂ ਜਾ ਰਹੀਆਂ ਹਨ ਜਿਨ੍ਹਾਂ ਵਾਸਤੇ ਪਹਿਲਾਂ 7 ਹਫ਼ਤੇ ਲੱਗ ਰਹੇ ਸਨ। ਪਾਕਿਸਤਾਨ ਦੇ ਮਾਮਲੇ ਵਿਚ ਸਟੱਡੀ ਵੀਜ਼ਾ ਅਰਜ਼ੀਆਂ ਦਾ ਪ੍ਰੋਸੈਸਿੰਗ ਟਾਈਮ ਪਹਿਲਾਂ ਵਾਂਗ 7 ਹਫ਼ਤੇ ਬਰਕਰਾਰ ਹੈ। ਵਿਜ਼ਟਰ ਵੀਜ਼ਾ ਦਾ ਜ਼ਿਕਰ ਕੀਤਾ ਜਾਵੇ ਤਾਂ ਭਾਰਤ ਤੋਂ ਆਉਣ ਵਾਲੀਆਂ ਅਰਜ਼ੀਆਂ ਦਾ ਨਿਬੇੜਾ 31 ਦਿਨ ਵਿਚ ਕੀਤਾ ਜਾ ਰਿਹਾ ਹੈ ਜੋ ਪਹਿਲਾਂ 32 ਦਿਨ ਵਿਚ ਨਿਪਟਾਈਆਂ ਜਾ ਰਹੀਆਂ ਸਨ। ਕੈਨੇਡਾ ਵਿਚ ਮੌਜੂਦਗੀ ਦੌਰਾਨ ਦਾਖ਼ਲ ਵਿਜ਼ਟਰ ਵੀਜ਼ਾ ਅਰਜ਼ੀਆਂ ਦੀ ਪ੍ਰੋਸੈਸਿੰਗ ਵਾਸਤੇ ਸਿਰਫ਼ 11 ਦਿਨ ਲੱਗ ਰਹੇ ਹਨ। ਸੁਪਰ ਵੀਜ਼ਾ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਤੋਂ ਦਾਖ਼ਲ ਹੋਣ ਵਾਲੀਆਂ ਅਰਜ਼ੀਆਂ ਦਾ ਪ੍ਰੋਸੈਸਿੰਗ ਸਮਾਂ ਵਧ ਕੇ 66 ਦਿਨ ਹੋ ਗਿਆ ਹੈ ਜੋ ਪਹਿਲਾਂ 61 ਦਿਨ ਚੱਲ ਰਿਹਾ ਸੀ।

**ਸੁਪਰ ਵੀਜ਼ਾ ਮਾਮਲੇ ਵਿਚ ਪ੍ਰੋਸੈਸਿੰਗ ਸਮਾਂ ਵਧਿਆ**

ਦੂਜੇ ਪਾਸੇ ਪਾਕਿਸਤਾਨ ਤੋਂ ਦਾਖ਼ਲ ਸੁਪਰ ਵੀਜ਼ਾ ਅਰਜ਼ੀਆਂ ਦੀ ਪ੍ਰੋਸੈਸਿੰਗ 139 ਦਿਨ ਵਿਚ ਕੀਤੀ ਜਾ ਰਹੀ ਹੈ ਜਦਕਿ ਪਹਿਲਾਂ 162 ਦਿਨ ਲੱਗ ਰਹੇ ਸਨ। ਵਰਕ ਪਰਮਿਟ ਦੇ ਮਾਮਲੇ ਵਿਚ ਕੈਨੇਡਾ ਵਿਚ ਮੌਜੂਦਗੀ ਦੌਰਾਨ ਦਾਖ਼ਲ ਅਰਜ਼ੀਆਂ ਦਾ ਨਿਪਟਾਰਾ 113 ਦਿਨ ਕੀਤਾ ਜਾ ਰਿਹਾ ਹੈ ਅਤੇ ਭਾਰਤ ਤੋਂ ਦਾਖ਼ਲ ਅਰਜ਼ੀਆਂ 10 ਹਫ਼ਤੇ ਦੇ ਅੰਦਰ ਨਿਬੇੜੀਆਂ ਜਾ ਰਹੀਆਂ ਜਦਕਿ ਪਹਿਲਾਂ 9 ਹਫ਼ਤੇ ਲੱਗ ਰਹੇ ਸਨ।

ਪਾਕਿਸਤਾਨ ਤੋਂ ਦਾਖ਼ਲ ਵਰਕ ਪਰਮਿਟ ਅਰਜ਼ੀਆਂ ਸਿਰਫ਼ 7 ਹਫ਼ਤੇ ਦੇ ਅੰਦਰ ਪ੍ਰੋਸੈਸ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਅਗਸਤ ਵਿਚ 8 ਹਫ਼ਤੇ ਲੱਗ ਰਹੇ ਸਨ। ਦੱਸ ਦੇਈਏ ਕਿ ਆਈ.ਆਰ. ਸੀ. ਸੀ. ਵੱਲੋਂ 80 ਫ਼ੀ ਸਦੀ ਇੰਮੀਗ੍ਰੇਸ਼ਨ ਅਰਜ਼ੀਆਂ ਤੈਅਸ਼ੁਦਾ ਸਮੇਂ ਦੇ ਅੰਦਰ ਪ੍ਰੋਸੈਸ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ।

# ਬੱਚੀਆਂ ਦੇ ਜਿਣਸੀ ਸ਼ੋਸ਼ਣ ਮਾਮਲੇ 'ਚ ਫ਼ਾਰੂਕ ਦੀਵਾਨ ਗ੍ਰਿਫ਼ਤਾਰ

**ਟੋਰਾਂਟੋ** : ਟੋਰਾਂਟੋ ਅਤੇ ਪਿਕਰਿੰਗ ਵਿਖੇ ਦੋ ਬੱਚੀਆਂ ਦੇ ਜਿਣਸੀ ਸ਼ੋਸ਼ਣ ਦੇ ਮਾਮਲੇ ਵਿਚ ਪੁਲਿਸ ਵੱਲੋਂ 63 ਸਾਲ ਦੇ ਫਾਰੂਕ ਦੀਵਾਨ ਨੂੰ ਕਾਬੂ ਕੀਤਾ ਗਿਆ ਹੈ।

ਡਰਹਮ ਰੀਜਨਲ ਪੁਲਿਸ ਨੇ ਦੱਸਿਆ ਕਿ ਜੁਲਾਈ ਵਿਚ ਸ਼ਿਕਾਇਤ ਸਾਹਮਣੇ ਆਉਣ ਮਗਰੋਂ ਸਪੈਸ਼ਲ ਵਿਕਟਿਮਜ਼ ਯੂਨਿਟ ਵੱਲੋਂ ਮਾਮਲੇ ਦੀ ਪੜਤਾਲ ਆਰੰਭੀ ਗਈ। ਸ਼ੱਕੀ ਦੋਹਾਂ ਪੀੜਤ ਪਰਵਾਰਾਂ ਦਾ ਜਾਣਕਾਰ ਹੈ ਅਤੇ ਘਰ ਆਉਣ-ਜਾਣ ਦੌਰਾਨ ਇਸ ਨੇ ਬੱਚੀਆਂ ਨੂੰ ਗੈਰਵਾਜਬ ਤਰੀਕੇ ਨਾਲ ਛੋਹਿਆ।

ਮਾਮਲੇ ਦੀ ਡੂੰਘਾਈ ਨਾਲ ਪੜਤਾਲ ਦੌਰਾਨ ਇਹ ਤੱਥ ਵੀ ਉਭਰ ਕੇ ਸਾਹਮਣੇ ਆਇਆ ਕਿ ਸ਼ੱਕੀ ਨੇ ਨਵੰਬਰ 2025 ਤੋਂ ਜੁਲਾਈ 2026 ਦਰਮਿਆਨ ਕਈ ਮੌਕਿਆਂ 'ਤੇ ਸੈਕਸ਼ੁਅਲ ਅਸਾਲਟ ਨੂੰ ਅੰਜਾਮ ਦਿਤਾ। ਅਗਸਤ ਮਹੀਨੇ ਦੌਰਾਨ ਪੁਲਿਸ ਨੇ ਸ਼ੱਕੀ ਦੀ ਪੈੜ ਨੱਪਦਿਆਂ ਬਗੈਰ ਕਿਸੇ ਖਰਾਬੇ ਤੋਂ ਗ੍ਰਿਫ਼ਤਾਰ ਕਰ ਲਿਆ।

ਸ਼ੱਕੀ ਦੀ ਰਿਹਾਇਸ਼ ਪਿਕਰਿੰਗ ਵਿਖੇ ਹੈ ਜਿਥੇ ਇਹ ਕਲਾ ਦੀ ਸਿਖਲਾਈ ਦਿੰਦਾ ਹੈ ਅਤੇ ਪੁਲਿਸ ਨੇ ਸ਼ੱਕ ਜ਼ਾਹਰ ਕੀਤਾ ਹੈ ਕਿ ਪੀੜਤਾਂ ਦੀ ਗਿਣਤੀ ਜ਼ਿਆਦਾ ਹੋ ਸਕਦੀ ਹੈ। ਫ਼ਾਰੂਕ ਦੀਵਾਨ ਵਿਰੁੱਧ ਸੈਕਸ਼ੁਅਲ ਅਸਾਲਟ ਦੇ 11 ਦੋਸ਼ ਆਇਦ ਕੀਤੇ ਗਏ ਹਨ ਜਦਕਿ ਸੈਕਸ਼ੁਅਲ ਇੰਟਰਫ਼ੈਰੈਂਸ ਦੇ 11 ਦੋਸ਼ ਵੱਖਰੇ ਤੌਰ 'ਤੇ ਆਇਦ ਕੀਤੇ ਗਏ। ਜ਼ਮਾਨਤ ਅਰਜ਼ੀ 'ਤੇ ਸੁਣਵਾਈ ਹੋਣ ਤੱਕ ਫਾਰੂਕ ਦੀਵਾਨ ਨੂੰ ਹਿਰਾਸਤ ਵਿਚ ਰੱਖਿਆ ਗਿਆ ਹੈ।

ਰੀਜਨਲ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਮਾਮਲੇ ਨਾਲ ਸਬੰਧਤ ਜਾਣਕਾਰੀ ਹੋਵੇ ਤਾਂ ਸਪੈਸ਼ਲ ਵਿਕਟਿਮਜ਼ ਯੂਨਿਟ ਦੇ ਡਿਟੈਕਟਿਵ ਕਾਂਸਟੇਬਲ ਗੋਮੇਜ਼ ਨਾਲ 1888 579 5391 'ਤੇ ਸੰਪਰਕ ਕੀਤਾ ਜਾਵੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਡਰਹਮ ਰੀਜਨ ਦੇ ਕ੍ਰਾਈਮ ਸਟੌਪਰਜ਼ ਨਾਲ 1800 222 ਟਿਪਸ 8477 'ਤੇ ਕਾਲ ਕੀਤੀ ਜਾ ਸਕਦੀ ਹੈ। ਡਰਹਮ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਖ਼ਬਰ ਵਿਚਲੇ ਤੱਕ ਜਾਂਚ ਦੌਰਾਨ ਸਾਹਮਣੇ ਆਏ ਅਤੇ ਅਦਾਲਤ ਵਿਚ ਇਨ੍ਹਾਂ ਨੂੰਸਾਬਤ ਕੀਤਾ ਜਾਣਾ ਬਾਕੀ ਹੈ।


HIMALAYA SWEETS & RESTAURANT
East Indian Sweets & Exotic Foods





Kewal Pabla
President

'Just The Taste Will Bring You Back'





Vancouver
6587, Main St.
Pabla Trade Center
Ph: 604.324.6514

Richmond
4011 No. 5 Rd.
Ph:604.247.2252
Cell:604.720.5900

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 604-312-5678
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

# ਵਿਦਿਆਰਥੀ ਵੀਜ਼ਿਆਂ ’ਤੇ ਕਿਉਂ ਲਾਈਆਂ ਬਰੇਕਾਂ?



ਬੀਤੇ 20 ਕੁ ਸਾਲਾਂ ਤੋਂ ਕੈਨੇਡਾ ਦੇ ਕਾਲਜ ਤੇ ਯੂਨੀਵਰਸਿਟੀਆਂ ਵਿਦੇਸ਼ੀ ਵਿਦਿਆਰਥੀਆਂ ਦੀ ਸਿੱਖਿਆ ਦੇ ਖੇਤਰ ਵਿਚ ਵੱਡਾ ਲਾਹੇਵੰਦ ਧੰਦਾ ਚਲਾ ਰਹੀਆਂ ਸਨ। ਸੰਨ 2003 ਤੋਂ 2023 ਦਰਮਿਆਨ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਅੱਠ ਗੁਣਾ ਵਧੀ ਸੀ ਜੋ ਇਸ ਦੇਸ਼ ਦੀ ਆਰਥਿਕਤਾ ਦਾ ਇਕ ਮਜ਼ਬੂਤ ਥੰਮ੍ਹ ਬਣ ਕੇ ਉੱਭਰੀ ਸੀ।

ਇੱਥੇ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੈਨੇਡਾ ਦੇ ਸਿੱਖਿਆ ਖੇਤਰ ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਵਾਲਾ ਸਿਸਟਮ ਇੰਨਾ ਲਾਹੇਵੰਦ ਹੋਣ ਦੇ ਬਾਵਜੂਦ ਸੰਨ 2024 ਵਿਚ ਫੈਡਰਲ ਸਰਕਾਰ ਨੇ ਨਵੇਂ ਵੀਜ਼ਿਆਂ ’ਤੇ ਹੱਦਬੰਦੀ ਕਿਉਂ ਮਿੱਥੀ? ਦਰਅਸਲ, ਇਸ ਸਿਸਟਮ ਵਿਚ ਬਹੁਤ ਸਾਰੀਆਂ ਕਮੀਆਂ, ਹੇਰਾਫੇਰੀਆਂ, ਧੋਖਾਧੜੀਆਂ ਅਤੇ ਕਈ ਥਾਵਾਂ ’ਤੇ ਪਰਵਾਸੀਆਂ ਕਰਕੇ ਨਸਲਵਾਦ, ਇਸਲਾਮੋਫੋਬੀਆ, ਜੈਨੋਫੋਬੀਆ, ਅਪਰਾਧ, ਨਫ਼ਰਤ ਤੇ ਅਸਹਿਣਸ਼ੀਲਤਾ ਜਿਹੀਆਂ ਸਮੱਸਿਆਵਾਂ ਪੈਦਾ ਹੋਣ ਕਾਰਨ ਫੈਡਰਲ ਸਰਕਾਰ ਨੂੰ ਇਹ ਫ਼ੈਸਲਾ ਲੈਣਾ ਪਿਆ ਕਿਉਂਕਿ ਵਿਦੇਸ਼ੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਦੇਸ਼ ਵਿਚ ਇਕ ਭਖਦਾ ਸਿਆਸੀ ਮੁੱਦਾ ਬਣ ਗਿਆ ਸੀ। ਵਿਦਿਆਰਥੀਆਂ ਦੀ ਬਹੁਤਾਤ ਕਾਰਨ ਘਰਾਂ ਵਿਚ ਭੀੜਾਂ ਵਧ ਗਈਆਂ, ਸਾਫ਼-ਸਫ਼ਾਈ ਘਟ ਗਈ, ਸਮਾਜਿਕ ਅਨੁਸ਼ਾਸਨਹੀਣਤਾ ਤੇ ਅਪਰਾਧਾਂ ਵਿਚ ਵਾਧਾ ਹੋਇਆ। ਕੈਨੇਡਾ ਦੇ ਮੂਲ ਵਾਸੀਆਂ ਦੇ ਰੁਜ਼ਗਾਰਾਂ ’ਤੇ ਅਸਰ ਪਿਆ। ਆਰਥਿਕ ਤੇ ਸਮਾਜਿਕ ਸ਼ੋਸ਼ਣ ਵਿਚ ਵਾਧਾ ਹੋਣ ਲੱਗਾ। ਘਰਾਂ ਦੀ ਉਪਲਬਧਤਾ ਘਟ ਗਈ ਤੇ ਕਿਰਾਏ ਵਧ ਗਏ। ਸੋ, ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਲਿਬਰਲ ਪਾਰਟੀ ਸਰਕਾਰ ਨੇ ਦੇਸ਼ ਅੰਦਰ ਆਰਜ਼ੀ ਵਾਸੀਆਂ ਦੀ ਗਿਣਤੀ ਕੁੱਲ ਆਬਾਦੀ ਦੇ 5 ਪ੍ਰਤੀਸ਼ਤ ਤੋਂ ਹੇਠਾਂ ਲਿਆਉਣ ਦਾ ਫ਼ੈਸਲਾ ਕੀਤਾ।

ਇਸ ਬਾਰੇ ਸਰਕਾਰੀ ਪੱਖ ਹੈ ਕਿ ਇਹ ਕਟੌਤੀ ਸਮਾਜਿਕ ਸੰਤੁਲਨ ਬਣਾਉਣ, ਲੋਕਾਂ ਲਈ ਘਰਾਂ ਦੀ ਉਪਲਬਧਤਾ ਅਤੇ ਕਿਰਾਏ ਕੰਟਰੋਲ ਕਰਨ ਲਈ ਸਰਕਾਰ ’ਤੇ ਵੱਡੇ ਦਬਾਅ ਕਰਕੇ ਜ਼ਰੂਰੀ ਸੀ। ਸਭ ਤੋਂ ਜ਼ਰੂਰੀ ਗੱਲ ਇਹ ਕਿ ਰਾਜਾਂ ਅਤੇ ਸ਼ਹਿਰਾਂ ਲਈ ਭਵਿੱਖੀ ਵਿਕਾਸ ਯੋਜਨਾਵਾਂ ਨੂੰ ਮਜ਼ਬੂਤ ਬਣਾਉਣ ਲਈ ਇਹ ਫ਼ੈਸਲਾ ਜ਼ਰੂਰੀ ਸੀ ਤੇ ਸਰਕਾਰ ਪਿਛਲੇ ਬੂਹਿਓਂ ਅਸੀਮਤ ਘੰਟਿਆਂ ਲਈ ਰੁਜ਼ਗਾਰ ਪ੍ਰਾਪਤ ਕਰਨ ਦੀ ਬਿਮਾਰੀ ਨੂੰ ਰੋਕਣਾ ਚਾਹੁੰਦੀ ਸੀ।

ਪਰ ਇਸ ਕਾਰਨ ਵਿੱਦਿਅਕ ਅਦਾਰਿਆਂ ਅਤੇ ਉੱਚ ਸਿੱਖਿਆ ਲਈ ਵਿੱਤੀ ਚੁਣੌਤੀਆਂ ਵਿਚ ਭਾਰੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਵਿਸ਼ਲੇਸ਼ਕ ਅੰਕੜਾ ਰਿਪੋਰਟ ਅਨੁਸਾਰ ਦੇਸ਼ ਵਿਚ ਆਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਇਸ ਸਾਲ ਦੇ ਚਾਲੂ ਅਕਾਦਮਿਕ ਸੈਸ਼ਨ ਵਿਚ 64% ਘਟ ਗਈ। ਪਹਿਲੀ ਵਾਰ ਕੈਨੇਡਾ ਦੇ ਇਤਿਹਾਸ ਵਿਚ ਇਹ ਗਿਣਤੀ 216 867 ਤੋਂ ਧੜਾਮ ਥੱਲੇ ਡਿੱਗ ਕੇ 77939 ਰਹਿ ਗਈ। ਇਸ ਕਾਰਨ ਕਾਲਜਾਂ, ਯੂਨੀਵਰਸਿਟੀਆਂ ਦੀ ਫੰਡਿੰਗ, ਦਾਖ਼ਲਿਆਂ, ਆਮਦਨ ਤੇ ਸਟਾਫ ਕਟੌਤੀ ਦੇ ਵੱਡੇ ਮਸਲੇ ਖੜ੍ਹੇ ਹੋ ਗਏ ਹਨ। ਕਈ ਫੈਕਲਟੀਜ਼ ਬੰਦ ਕਰਨੀਆਂ ਪਈਆਂ। ਲਗਪਗ 600 ਕਾਲਜ ਅਤੇ ਹੋਰ ਵਿੱਦਿਅਕ ਅਦਾਰੇ ਬੰਦ ਹੋ ਗਏ। ਸਿਰਫ਼ ਓਂਟਾਰੀਓ ਸੂਬੇ ਵਿਚ 8000 ਰੁਜ਼ਗਾਰ ਖ਼ਤਮ ਹੋ ਗਏ। ਮੈਨੀਟੋਬਾ ਸੂਬੇ ਵਿਚ ਟਰੇਡ ਤੇ ਤਕਨੀਕੀ ਸਿਖਲਾਈ ਵਿਚ 55% ਕਟੌਤੀ ਵੇਖਣ ਨੂੰ ਮਿਲੀ ਜਿਸ ਕਰਕੇ ਉਸ ਨੂੰ ਕਈ ਪ੍ਰੋਗਰਾਮ ਬੰਦ ਕਰਨੇ ਪਏ। ਸਸਕੈਚਵਨ ਸੂਬੇ ਵਿਚ ਵਿਦਿਆਰਥੀਆਂ ਦੇ ਦਾਖ਼ਲਿਆਂ ਵਿਚ 63% ਕਮੀ ਵੇਖਣ ਨੂੰ ਮਿਲੀ। ਸਸਕੈਚਵਨ ਯੂਨੀਵਰਸਿਟੀ ਦੇ ਵਾਈ ਪ੍ਰੋਵਸਟ ਮਰਜੋਰੀ ਡੈਲਬੇਰੇ ਅਨੁਸਾਰ ਇਹ ਨੀਤੀਗਤ ਤਬਦੀਲੀਆਂ ਦਾ ਨਤੀਜਾ ਹੈ। ਅਲਬਰਟਾ ਵਿਚ ਦਸ ਪ੍ਰਤੀਸ਼ਤ ਵਾਧੇ ਦੀ ਆਸ ਤੇ ਉਲਟ 65 ਪ੍ਰਤੀਸ਼ਤ ਕਮੀ ਦੇਖੀ ਗਈ। ਆਰਥਿਕ ਸੰਕਟ ਕਾਰਨ ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਉਨ੍ਹਾਂ ਵਿਦਿਆਰਥੀਆਂ ਨੂੰ ਦੇਸ਼ ਛੱਡ ਕੇ ਜਾਣ ਲਈ ਕਹਿ ਦਿੱਤਾ ਜਿਨ੍ਹਾਂ ਦੇ ਵੀਜ਼ਾ ਪਰਮਿਟਾਂ ਵਿਚ ਵਾਧਾ ਨਹੀਂ ਹੋਇਆ ਸੀ। ਕੈਨੇਡਾ ’ਚ ਬੀਤੇ ਦੋ ਸਾਲਾਂ ’ਚ ਬਿਜ਼ਨਸ, ਹਿਊਮੈਨਿਟੀਜ਼, ਆਰਟਸ, ਸੋਸ਼ਲ ਸਾਇੰਸਿਜ਼ ਪ੍ਰੋਗਰਾਮਾਂ ’ਚ 33 ਫ਼ੀਸਦ ਜਦਕਿ ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ, ਗਣਿਤ ਆਦਿ ਪ੍ਰੋਗਰਾਮਾਂ ’ਚ 26 ਪ੍ਰਤੀਸ਼ਤ ਦੀ ਕਟੌਤੀ ਵੇਖਣ ਨੂੰ ਮਿਲੀ। 1,24,000 ਵਿਦਿਆਰਥੀਆਂ ਦੀ ਵਾਪਸੀ ਕਾਰਨ ਕੈਨੇਡਾ ਵਿਚ ਘਰਾਂ ਦੇ ਸੰਕਟ ਤੋਂ ਕੁਝ ਰਾਹਤ ਮਿਲੀ ਪਰ ਰਿਟੇਲ ਲੇਬਰ, ਸਿਹਤ ਸੰਭਾਲ ਸਹਾਇਕ, ਪ੍ਰਾਹੁਣਚਾਰੀ, ਖੇਤ ਕਾਮਿਆਂ ਦੇ ਖੇਤਰਾਂ ਵਿਚ ਘਾਟ ਵੇਖੀ ਜਾ ਰਹੀ ਹੈ।

ਹਾਲ ਦੀ ਘੜੀ ਕੁਝ ਹੱਦ ਤੱਕ ਸਥਿਤੀ ਇਸ ਲਈ ਸਥਿਰ ਲੱਗ ਰਹੀ ਹੈ ਕਿਉਂਕਿ ਵਿੱਦਿਅਕ ਅਦਾਰਿਆਂ, ਕਾਲਜਾਂ ਤੇ ਯੂਨੀਵਰਸਿਟੀਆਂ ’ਚ ਪਹਿਲਾਂ ਤੋਂ ਚੱਲ ਰਹੇ ਪ੍ਰੋਗਰਾਮ, ਕੋਰਸ ਤੇ ਡਿਪਲੋਮੇ ਜਾਰੀ ਹਨ ਪਰ ਕੈਨੇਡੀਅਨ ਅੰਕੜਾ ਸਿਸਟਮ ਦਰਸਾਉਂਦਾ ਹੈ ਕਿ 2024-25 ਸੈਸ਼ਨ ਵਿਚ ਕੌਮਾਂਤਰੀ ਵਿਦਿਆਰਥੀਆਂ ਦੇ ਦਾਖ਼ਲਿਆਂ ਵਿਚ 4% ਅਤੇ 2025-26 ਵਿਚ 26 ਪ੍ਰਤੀਸ਼ਤ ਕਟੌਤੀ ਵੇਖਣ ਨੂੰ ਮਿਲੀ। ਨਵੀਂ ਫੈਡਰਲ ਨੀਤੀ ਦਾ ਅਸਰ ਸਾਰੇ ਜਨਤਕ ਖੇਤਰਾਂ ਤੇ ਕਾਲਜਾਂ, ਅਦਾਰਿਆਂ ਤੇ ਯੂਨੀਵਰਸਿਟੀਆਂ ’ਤੇ ਇਕਸਾਰ ਨਹੀਂ ਪਿਆ। ਦੋ ਸਾਲਾ ਕੋਰਸਾਂ ਵਿਚ ਪਬਲਿਕ ਕਾਲਜਾਂ ਵਿਚ 1,02,188 ਵਿਦਿਆਰਥੀਆਂ ਭਾਵ ਦਾਖ਼ਲੇ ਵਿਚ 75% ਕਮੀ ਆਈ ਜਦਕਿ ਪਬਲਿਕ ਯੂਨੀਵਰਸਿਟੀਆਂ ਵਿਚ ਇਹ ਕਟੌਤੀ 46 ਪ੍ਰਤੀਸ਼ਤ ਭਾਵ 36,740 ਵਿਦਿਆਰਥੀ ਰਹੀ। ਸਭ ਤੋਂ ਵੱਧ ਕਟੌਤੀ ਓਂਟਾਰੀਓ ਸੂਬੇ ਵਿਚ ਵੇਖਣ ਨੂੰ ਮਿਲੀ। ਇੱਥੇ ਪਬਲਿਕ ਅਦਾਰੇ ਵਿਦੇਸ਼ੀ ਵਿਦਿਆਰਥੀਆਂ ਦੀ ਫੀਸ ’ਤੇ ਨਿਰਭਰ ਕਰਦੇ ਹਨ ਕਿਉਂਕਿ ਸੰਨ 2019 ਵਿਚ ਪ੍ਰੀਮੀਅਰ ਡਗ ਫੋਰਡ ਨੇ ਘਰੇਲੂ ਵਿਦਿਆਰਥੀਆਂ ਦੀ ਫੀਸ ਘਟਾ ਦਿੱਤੀ ਸੀ। ਸੰਨ 2023 ਵਿਚ ਕੈਨੇਡਾ ’ਚ ਕੁੱਲ ਦਾਖ਼ਲਾ ਲੈਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਵਿੱਚੋਂ 63 ਫ਼ੀਸਦੀ ਇਸ ਰਾਜ ਵਿਚ ਦਾਖ਼ਲ ਹੋਏ। ਸੰਨ 2024 ਵਿਚ ਪਰਵਾਸ ਵਿਭਾਗ ਨੇ ਜਿੰਨੇ ਵਿਦਿਆਰਥੀ ਆਉਣਾ ਚਾਹੁੰਦੇ ਸਨ, ਉਨ੍ਹਾਂ ਵਿੱਚੋਂ ਅੱਧਿਆਂ ਨਾਲੋਂ ਵੀ ਘੱਟ ਨੂੰ ਆਗਿਆ ਦਿੱਤੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪਰਵਾਸ ਵਿਭਾਗ ਇਸ ਕਮੀ ਬਾਰੇ ਕੋਈ ਠੋਸ ਜਵਾਬ ਨਹੀਂ ਦੇ ਸਕਿਆ।

ਕੈਨੇਡਾ ’ਚ ਸਿਆਸੀ, ਆਰਥਿਕ ਤੇ ਵਿੱਤੀ ਮਾਹਰ ਸਮਝਦੇ ਹਨ ਕਿ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲੇ, ਸਟੱਡੀ ਵੀਜ਼ੇ ਅਤੇ ਵਰਕ ਪਰਮਿਟਾਂ ’ਚ ਅੰਦਰੂਨੀ ਕਮੀਆਂ, ਵਧਦੀ ਗਿਣਤੀ ਕਾਰਨ ਦਰਪੇਸ਼ ਮੁਸ਼ਕਲਾਂ ’ਚ ਸੁਧਾਰ ਕਰਨ ਦੀ ਲੋੜ ਸੀ, ਨਾ ਕਿ ਉਸ ਵਿਚ ਅਚਾਨਕ ਹੱਦਬੰਦੀ ਸਿਸਟਮ ਲਾਗੂ ਕਰ ਕੇ ਖਲਬਲੀ ਪੈਦਾ ਕਰਨ ਦੀ।

ਸਿੱਖਿਆ ਖੇਤਰ ਵਿਚ ਕੈਨੇਡਾ ਵਿਸ਼ਵ ਵਿਚ ਬਹੁਤ ਉੱਚਤਮ ਸਥਾਨ ਰੱਖਣ ਵਾਲਾ ਮੁਲਕ ਹੈ। ਉਹ ਆਰਥਿਕ ਮਿਲਵਰਤਨ ਤੇ ਵਿਕਾਸ ਸੰਸਥਾ ਨਾਲ ਸਬੰਧਤ ਦੇਸ਼ਾਂ ਵਿਚ ਸਰਬਉੱਚ ਸਥਾਨ ਰੱਖਦਾ ਹੈ। ਇਸੇ ਲਈ ਕੈਨੇਡੀਅਨ ਵਿੱਦਿਅਕ ਅਦਾਰਿਆਂ ’ਚ ਸਿੱਖਿਆ ਪ੍ਰਾਪਤ ਕਰਨ ਅਤੇ ਇਸ ਦੀ ਵਿਕਸਤ ਆਰਥਿਕਤਾ ਦਾ ਹਿੱਸਾ ਬਣਨ ਲਈ ਵਿਦੇਸ਼ਾਂ ਤੋਂ ਲੱਖਾਂ ਵਿਦਿਆਰਥੀ ਆਉਂਦੇ ਰਹੇ ਹਨ ਤੇ ਉੱਚੀਆਂ ਫੀਸਾਂ ਅਦਾ ਕਰਦੇ ਰਹੇ ਹਨ। ਉਨ੍ਹਾਂ ਨੇ ਲਗਪਗ 30 ਬਿਲੀਅਨ ਡਾਲਰ ਤੋਂ ਵੱਧ ਦਾ ਯੋਗਦਾਨ ਪਾਇਆ ਜਿਸ ਨਾਲ 2022 ਵਿਚ ਕੈਨੇਡਾ ਨੇ 360000 ਰੁਜ਼ਗਾਰ ਪੈਦਾ ਕੀਤੇ। ਸਿਆਸੀ ਤੇ ਵਿੱਤੀ ਮਾਹਰਾਂ ਦਾ ਮੰਨਣਾ ਹੈ ਕਿ 2024-25 ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲਿਆਂ ਲਈ ਹੱਦ ਮਿਥਣਾ ਬਹੁਤ ਵੱਡੀ ਆਰਥਿਕ ਗ਼ਲਤੀ ਹੈ। ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਘਰ ਉਪਲਬਧ ਕਰਾਉਣਾ ਨਿਸ਼ਚਿਤ ਤੌਰ ’ਤੇ ਇਕ ਸਮੱਸਿਆ ਹੈ ਪਰ ਇਹ ਨਵੀਂ ਯੋਜਨਾ, ਨਿਵੇਸ਼ ਤੇ ਘਰਾਂ ਦੀ ਉਸਾਰੀ ਨਾਲ ਦੂਰ ਕੀਤੀ ਜਾ ਸਕਦੀ ਹੈ। ਅਨੇਕ ਕਾਲਜ ਤੇ ਅਦਾਰੇ ਸਿੱਖਿਆ ਦੇਣ ਦੀ ਥਾਂ ਵਰਕ ਪਰਮਿਟ ਵੇਚਣ ਤੇ ਪਿਛਲੇ ਦਰਵਾਜ਼ਿਓਂ ਸ਼ੋਸ਼ਣ ਭਰਪੂਰ ਰੁਜ਼ਗਾਰ ਮੁਹੱਈਆ ਕਰਾਉਣ ਲਈ ਬਦਨਾਮ ਹੋਏ ਹਨ। ਉਨ੍ਹਾਂ ਨੇ ਪੂਰੇ ਸਿਸਟਮ ਵਿਚ ਵਿਗਾੜ ਪੈਦਾ ਕੀਤਾ ਪਰ ਇਸ ਦਾ ਮਤਲਬ ਇਹ ਨਹੀਂ ਸੀ ਕਿ ਟੋਰਾਂਟੋ, ਮੈਕਗਿੱਲ, ਵਾਟਰਲੂ, ਕੁਈਨਜ਼ ਤੇ ਯੂਬੀਸੀ ਆਦਿ ਵਿਸ਼ਵ ਪ੍ਰਸਿੱਧ ਸਿੱਖਿਆ ਤੇ ਖੋਜ ਭਰਪੂਰ ਪ੍ਰਾਜੈਕਟਾਂ ਵਾਲੀਆਂ ਯੂਨੀਵਰਸਿਟੀਆਂ ਦਾ ਵੱਕਾਰ ਦਾਅ ’ਤੇ ਲਗਾ ਦਿੱਤਾ ਜਾਂਦਾ। ਸਥਾਨਕ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਕਟੌਤੀ ਦੇ ਬਾਵਜੂਦ ਅਟਾਰਨੀ ਜਨਰਲ ਅਨੁਸਾਰ ਕਾਲਜਾਂ ਵਿਚ ਭਾਵੇਂ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 30 ਪ੍ਰਤੀਸ਼ਤ ਸੀ ਪਰ ਉਨ੍ਹਾਂ ਦਾ ਕੁੱਲ ਫੀਸਾਂ ਵਿਚ 68% ਯੋਗਦਾਨ ਭਾਵ ਪ੍ਰਤੀ ਸਾਲ 1.7 ਬਿਲੀਅਨ ਡਾਲਰ ਸੀ। ਅਟਾਰਨੀ ਜਨਰਲ ਦੀ ਵਿਸਥਾਰਤ ਰਿਪੋਰਟ ’ਤੇ ਪਰਵਾਸ ਮੰਤਰੀ ਲੇਨਾ ਮੈਟਲਜ਼ ਨੇ ਖ਼ਾਮੀਆਂ ਦੂਰ ਕਰਨ ਦਾ ਭਰੋਸਾ ਦਿੱਤਾ ਹੈ। ਰੈੱਡ ਫਲੈਗ ਵਿਦਿਆਰਥੀਆਂ ਦੇ ਕੇਸਾਂ ’ਤੇ ਨਜ਼ਰਸਾਨੀ ਕੀਤੀ ਜਾਵੇਗੀ ਕਿਉਂਕਿ ਸਰਕਾਰ ਸਿਰਫ਼ 153324 ਵਿੱਚੋਂ 4057 ਦੀ ਜਾਂਚ ਕਰ ਸਕੀ ਹੈ।

ਮਾਰਕ ਕਾਰਨੀ ਸਰਕਾਰ ਨੇ ਸੰਨ 2028 ਲਈ ਨੀਤੀਗਤ ਬਦਲਾਅ ਦਾ ਫ਼ੈਸਲਾ ਕੀਤਾ ਹੈ ਜਿਸ ਅਨੁਸਾਰ ਆਰਥਿਕ ਪਰਵਾਸ ਮਜ਼ਬੂਤ ਕਰਨਾ, ਆਰਜ਼ੀ ਰੈਜ਼ੀਡੈਂਟ ਨਿਰਭਰਤਾ ਘਟਾਉਣਾ, ਆਲਮੀ ਪੱਧਰ ’ਤੇ ਹੁਨਰ ਆਧਾਰਤ ਦਾਖ਼ਲਿਆਂ ਨੂੰ ਲੰਮੇ ਸਮੇਂ ਲਈ ਜਾਰੀ ਰੱਖਣਾ, ਕਮੀ ਵਾਲੇ ਖੇਤਰਾਂ ਵਿਚ ਸਥਾਈ ਨਿਵਾਸ ਦੇ ਮੌਕਿਆਂ ਵਿਚ ਵਾਧਾ ਕਰਨਾ, ਇਹ ਯਕੀਨੀ ਬਣਾਉਣਾ ਕਿ ਵਿਦਿਆਰਥੀ ਪ੍ਰੋਗਰਾਮ ਲੇਬਰ ਮਾਰਕੀਟ ਦੇ ਪਾੜੇ ਨਾਲ ਸਬੰਧਤ ਹੋਵੇ ਤੇ ਉੱਚ ਮੰਗ ਵਾਲੇ ਵਿਦਿਆਰਥੀਆਂ ਦੇ ਰਸਤੇ ਸਰਲ ਬਣਾਉਣੇ।

ਰੂਸ ਤੋਂ ਬਾਅਦ ਕੈਨੇਡਾ ਖੇਤਰਫਲ ਪੱਖੋਂ ਵਿਸ਼ਵ ਦਾ ਦੂਜਾ ਵੱਡਾ ਦੇਸ਼ ਹੈ ਜਿਸ ਕੋਲ ਅਥਾਹ ਕੁਦਰਤੀ ਸਰੋਤਾਂ ਦਾ ਸਰਮਾਇਆ ਹੈ। ਇਸ ਸਮੇਂ ਵਿਸ਼ਵ ’ਚ ਕੈਨੇਡਾ ਦੀ ਆਰਥਿਕਤਾ 11ਵੇਂ ਨੰਬਰ ’ਤੇ ਹੈ। ਇਸ ਦੀ ਆਬਾਦੀ 4.14 ਕਰੋੜ ਹੈ ਜਦ ਕਿ ਜੀਡੀਪੀ 2.51 ਟ੍ਰਿਲੀਅਨ ਡਾਲਰ ਹੈ। ਜੇ ਇਸ ਦੀ ਆਬਾਦੀ ਘੱਟੋ-ਘੱਟ 10 ਕਰੋੜ ਹੋਵੇ ਤਾਂ ਇਹ ਵਿਸ਼ਵ ਦੀ ਤੀਜੇ ਨੰਬਰ ਦੀ ਤਾਕਤਵਰ ਆਰਥਿਕਤਾ ਵਜੋਂ ਉੱਭਰ ਸਕਦਾ ਹੈ। ਪ੍ਰਧਾਨ ਮੰਤਰੀ ਕਾਰਨੀ ਵਿਸ਼ਵ ਦੇ ਨਾਮਵਰ ਅਰਥ-ਸ਼ਾਸਤਰੀ ਹੋਣ ਦੇ ਬਾਵਜੂਦ ਕੈਨੇਡਾ ਦੇ ਵਧੀਆ ਵਿੱਦਿਅਕ ਸਿਸਟਮ ਦੀ ਲਾਹੇਵੰਦ ਮਾਰਕੀਟ ’ਤੇ ਹੱਦਬੰਦੀ ਆਇਦ ਕਰ ਕੇ ਟਪਲਾ ਖਾ ਗਏ ਲੱਗਦੇ ਹਨ।

**ਦਰਬਾਰਾ ਸਿੰਘ ਕਾਹਲੋਂ**

# ਭਾਈ ਜੈਤਾ ਜੀ ਦਾ 322 ਕਿਲੋਮੀਟਰ ਪੈਦਲ ਸਫ਼ਰ

ਮੁਗਲ ਹਾਕਮ ਔਰੰਗਜ਼ੇਬ ਦੀ ਜਾਬਰ ਹਕੂਮਤ ਵਿੱਚ ਹਿੰਦੂ ਧਰਮ ਦੀ ਰਾਖੀ ਲਈ ਸੀਸ ਭੇਟ ਕਰਨ ਵਾਲੀ ਦਰਵੇਸ਼ ਰੂਹ ਨੌਵੇਂ ਗੁਰੂ ਤੇਗ ਬਹਾਦਰ ਨੇ 11 ਨਵੰਬਰ 1675 ਈ. ਨੂੰ ਸ਼ਹਾਦਤ ਦਿੱਤੀ। ਸ਼ਹਾਦਤ ਪਿੱਛੋਂ ਸੀਸ ਅਤੇ ਧੜ ਦੀ ਬੇਅਦਬੀ ਹੋਣ ਤੋਂ ਬਚਾਉਣ ਲਈ ਦਸਮੇਸ਼ ਪਿਤਾ ਅਤੇ ਸਮੂਹ ਸਿੱਖ ਸੰਗਤ ਵਿੱਚ ਵਿਚਾਰਾਂ ਹੋਈਆਂ। ਗੁਰੂ ਜੀ ਨੇ ਭਰੀ ਸਭਾ ਵਿੱਚ ਅਜਿਹੇ ਸਿੱਖ ਯੋਧੇ ਦੀ ਮੰਗ ਕੀਤੀ, ਜੋ ਗੁਰੂ ਪਿਤਾ ਗੁਰੂ ਤੇਗ ਬਹਾਦਰ ਦਾ ਸੀਸ ਅਤੇ ਧੜ ਉਠਾ ਲਿਆਵੇ। ਕਵੀ ਕੰਕਣ ਜੀ ਨੇ ਇਨ੍ਹਾਂ ਕਾਵਿ ਸਤਰਾਂ ਰਾਹੀਂ ਇਸ ਬਿਰਤਾਂਤ ਨੂੰ ਬਿਆਨ ਕੀਤਾ ਹੈ:

**ਦੋਹਰਾ: ਹੋਵੇ ਐਸਾ ਸਿਖ ਮਮ ਸਤਿਗੁਰ ਕਹਯਾ ਸੁਨਾਇ।**
**ਸੀਸ ਹਮਰੋ ਪਿਤਾ ਕਾ ਤਹਿ ਤੇ ਲਿਆਵਹਿ ਜਾਇ।**
**ਔਰ ਸਭੈ ਚੁਪਿ ਕਰਿ ਰਹੇ ਮਜਬੀ ਉਠਯੋ ਰੋਇ।**
**ਮੈ ਹੁੰ ਉਦਮ ਕਰਉਗਾ ਹੋਣੀ ਹੋਇ ਸੁ ਹੋਇ।**
**ਮਜਬੀ ਵਹੁ ਸਤਿਗੁਰੂ ਕਾ ਬਾਰ ਬੁਹਾਰਨ ਹਾਰ।**
**ਗੁਰੂ ਕਿਰਪਾ ਤਹਿ ਪਰ ਕਰੀ ਚਲਿਆ ਜਨਮ ਸਵਾਰ।**

('ਸੰਖੇਪ ਦਸ ਗੁਰ ਕਥਾ' ਸਮਕਾਲੀ ਕਵੀ ਕੰਕਣ ਜੀ ਪੰਨਾ ਨੰ: 45, ਰਚਨਾ ਕਾਲ: 1711, ਸੰਪਾਦਕ ਸੱਯਦਾ ਫ਼ਰਾਹ ਅਦੀਲ, ਸੁਚੇਤ ਕਿਤਾਬ ਘਰ ਲਾਹੌਰ, ਪਾਕਿਸਤਾਨ)



ਜੁੜੀ ਸਿੱਖ ਸੰਗਤ 'ਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨਦਿਆਂ ਪਾਵਨ ਸੀਸ ਅਤੇ ਧੜ ਚੁੱਕਣ ਦੀ ਜ਼ਿੰਮੇਵਾਰੀ ਭਾਈ ਜੈਤਾ ਜੀ ਨੇ ਲਈ, ਜੋ ਅੰਮ੍ਰਿਤ ਛਕਣ ਪਿੱਛੋਂ ਭਾਈ ਜੀਵਨ ਸਿੰਘ ਬਣੇ ਸਨ। ਗੁਰੂ ਜੀ ਦੇ ਧੜ ਦਾ ਸਸਕਾਰ ਭਾਈ ਜੈਤਾ ਜੀ, ਭਾਈ ਆਗਿਆ ਰਾਮ ਜੀ, ਭਾਈ ਉਦੈ ਜੀ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਆਦਿ ਗੁਰਸਿੱਖਾਂ ਨੇ ਭਾਈ ਸਾਹਿਬ ਦੇ ਵਡੇਰੇ ਭਾਈ ਕਲਿਆਣਾ ਜੀ ਦੀ ਧਰਮਸ਼ਾਲਾ, ਮੁਹੱਲਾ ਦਿਲਵਾਲੀ, ਰਾਇਸੀਨਾ (ਦਿੱਲੀ) ਵਿੱਚ ਕਰ ਦਿੱਤਾ, ਜਿੱਥੇ ਅੱਜ ਗੁਰਦੁਆਰਾ ਰਕਾਬ ਗੰਜ ਸਾਹਿਬ ਮੌਜੂਦ ਹੈ। ਕੁਝ ਸਮਕਾਲੀ ਇਤਿਹਾਸਕਾਰਾਂ ਮੁਤਾਬਕ ਗੁਰੂ ਜੀ ਦਾ ਪਾਵਨ ਸੀਸ ਅਤੇ ਧੜ ਉਠਾਉਣ ਵੇਲੇ ਭਾਈ ਜੈਤਾ ਜੀ ਦੇ ਪਿਤਾ ਭਾਈ ਸਦਾ ਨੰਦ ਜੀ ਦਾ ਸੀਸ ਅਤੇ ਧੜ ਉੱਥੇ ਰੱਖਿਆ ਗਿਆ। ਇਸ ਬਿਰਤਾਂਤ ਦੀ ਗਵਾਹੀ ਸਮਕਾਲੀ ਦਰਬਾਰੀ ਕਵੀ ਕੰਕਣ ਜੀ ਅਨੁਸਾਰ ਵੀ ਇਸ ਤਰ੍ਹਾਂ ਪੜ੍ਹਨ ਨੂੰ ਮਿਲਦੀ ਹੈ:-

**ਤਾਤ ਕਹੀ ਸੁਨ ਬਾਤ ਸੁਤੋ ਐਸੀ ਬਿਧਿ ਹਮਿ ਕਰੈ ਬਨਾਇ।**
**ਸੀਸ ਕੇ ਥਾਨ ਪੈ ਸੀਸ ਧਰੈ ਪਹਿਰੇਦਾਰਨਿ ਤੇ ਆਂਖ ਬਚਾਈ।**
**ਧੂੜੀ ਆਂਖਨਮੇ ਡਾਲ ਤਿਨਹਿ ਗੁਰ ਸੀਸ ਲੈ ਭਾਗੋ ਧਾਈ।**
**ਪੁਨ ਅਰਦਾਸ ਕਰੀ ਕਰਿ ਜੋੜਿਨੈ ਕਲਗੀਧਰੁ ਤੁਮ ਕਰੁਹ ਸਹਾਈ।**

**('ਸੰਖੇਪ ਦਸ ਗੁਰ ਕਥਾ', ਕਵੀ ਕੰਕਣ ਜੀ, ਪੰਨਾ ਨੰ: 45-46)**

ਸੀਸ ਲੈ ਕੇ ਭਾਈ ਜੈਤਾ ਜੀ ਪਹਿਲਾਂ ਕੀਰਤਪੁਰ ਸਾਹਿਬ ਪੁੱਜੇ, ਅਤੇ ਫਿਰ ਇੱਥੋਂ ਬਾਲ ਗੋਬਿੰਦ ਰਾਏ ਅਤੇ ਸੰਗਤ ਸਮੇਤ ਸੀਸ ਪਾਲਕੀ ਸਾਹਿਬ ਵਿੱਚ ਲੈ ਕੇ ਬਿਬਾਨ ਦੇ ਰੂਪ ਵਿੱਚ ਆਨੰਦਪੁਰ ਸਾਹਿਬ ਪਹੁੰਚੇ। ਇੱਥੇ ਗੁਰੂ ਜੀ ਦੇ ਪਾਵਨ ਸੀਸ ਦਾ ਸਸਕਾਰ ਕੀਤਾ ਗਿਆ। ਅੱਜ ਉਸ ਜਗ੍ਹਾ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸਥਿਤ ਹੈ। ਕਵੀ ਕੰਕਣ ਅਨੁਸਾਰ ਭਾਈ ਜੈਤਾ ਜੀ ਨੇ ਗੋਬਿੰਦ ਰਾਏ ਦੇ ਹੁਕਮ 'ਤੇ ਪੂਰਾ ਉਤਰਦਿਆਂ ਆਪਣੇ ਆਪ ਨੂੰ ਵਡਭਾਗਾ ਸਮਝਿਆ:

**ਚੌਪਈ: ਸੀਸ ਗੁਰੂ ਕੀ ਸੇਵਾ ਲਾਗੈ।**
**ਹਮ ਸੋ ਕੋਨ ਹੋਵਹਿ ਬਢਭਾਗੈ।**
**ਤਾਹਿ ਸੀਸ ਦੀਓ ਝਕਾਈ।**
**ਭਾਈ ਜੈਤਾ ਹੁਕਮ ਬਜਾਈ।**

('ਸੰਖੇਪ ਦਸ ਗੁਰ ਕਥਾ' **ਕਵੀ ਕੰਕਣ ਜੀ, ਪੰਨਾ ਨੰ: 46)**

ਬਾਲ ਗੋਬਿੰਦ ਰਾਏ ਦਾ ਹੁਕਮ ਮੰਨਦਿਆਂ ਭਾਈ ਜੈਤਾ ਜੀ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਆਪਣੇ ਵਡੇਰੇ ਭਾਈ ਕਲਿਆਣੇ ਦੀ ਧਰਮਸ਼ਾਲਾ ਰਾਇਸੀਨਾ ਵਿੱਚ ਕਰਨ ਪਿੱਛੋਂ ਪਾਵਨ ਸੀਸ ਲੈ ਕੇ ਤਕਰੀਬਨ 322 ਕਿਲੋਮੀਟਰ ਪੈਦਲ ਪੈਂਡਾ ਤੈਅ ਕਰ ਕੇ ਪੰਜ ਪੜਾਅ ਕਰਦਿਆਂ ਪਹਿਲਾਂ ਕੀਰਤਪੁਰ ਸਾਹਿਬ ਅਤੇ ਫਿਰ ਆਨੰਦਪੁਰ ਸਾਹਿਬ ਪੁੱਜੇ। ਉਹ ਪੜਾਅ ਇਸ ਤਰ੍ਹਾਂ ਹਨ:

**ਪਹਿਲਾ ਪੜਾਅ, ਦਿੱਲੀ ਤੋਂ ਬਾਗਪਤ (ਉੱਤਰ ਪ੍ਰਦੇਸ਼):** ਭਾਈ ਜੈਤਾ ਜੀ 11 ਨਵੰਬਰ 1675 ਈ. ਨੂੰ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਆਪਣੇ ਜੱਦੀ ਘਰ ਭਾਈ ਕਲਿਆਣਾ ਜੀ ਦੀ ਧਰਮਸ਼ਾਲਾ (ਮੁਹੱਲਾ ਦਿਲਵਾਲੀ, ਪਿੰਡ ਰਾਇਸੀਨਾ, ਦਿੱਲੀ) ਵਿੱਚ ਸਸਕਾਰ ਕਰਨ ਤੋਂ ਬਾਅਦ ਅੱਧੀ ਰਾਤ ਬੀਤਣ ਮਗਰੋਂ ਗੁਰੂ ਜੀ ਦਾ ਪਾਵਨ ਸੀਸ ਲੈ ਕੇ ਦਿੱਲੀ ਤੋਂ ਬਾਗਪਤ ਵੱਲ ਨੂੰ ਤੁਰ ਪਏ ਅਤੇ 12 ਨਵੰਬਰ 1675 ਨੂੰ ਵੱਡੇ ਤੜਕੇ ਬਾਗਪਤ ਪਹੁੰਚ ਗਏ।

REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# ਸਫ਼ਾ 8 ਤੋਂ ਬਾਕੀ: ਭਾਈ ਜੈਤਾ ਜੀ ਦਾ ਸਫਰ

ਸਾਹਿਬ ਨੇ ਚਾਂਦਨੀ ਚੌਕ ਤੋਂ ਰਕਾਬ ਗੰਜ ਅਤੇ ਰਕਾਬ ਗੰਜ ਤੋਂ ਬਾਗਪਤ ਤੱਕ ਤਕਰੀਬਨ 52 ਕਿਲੋਮੀਟਰ ਪੈਦਲ ਪੈਂਡਾ ਤੈਅ ਕੀਤਾ। ਬਾਗਪਤ ਪਹੁੰਚ ਕੇ ਭਾਈ ਜੈਤਾ ਜੀ ਸੂਫੀ ਫਕੀਰ ਬਾਬਾ ਹਜ਼ਰਤ ਸ਼ੇਖ ਵਾਊਦੀਨ ਦੀ ਦਰਗਾਹ ਸ਼ਰੀਫ 'ਤੇ ਗਏ। ਬਾਬਾ ਹਜ਼ਰਤ ਸ਼ੇਖ ਵਾਊਦੀਨ ਨੇਕ ਅਤੇ ਖੁੱਲ੍ਹੇ ਖਿਆਲਾਂ ਵਾਲੇ ਸੂਫੀ ਫ਼ਕੀਰ ਸਨ। ਹਿੰਦੂ ਅਤੇ ਮੁਸਲਮਾਨ ਦੋਵੇਂ ਉਨ੍ਹਾਂ ਦੇ ਸੇਵਕ ਅਤੇ ਸ਼ਰਧਾਲੂ ਸਨ। ਬਾਬਾ ਜੀ ਦੇ ਕਹਿਣ 'ਤੇ ਉਨ੍ਹਾਂ ਦੇ ਸੇਵਕ ਕ੍ਰਿਸ਼ਨ ਪਾਲ ਨੇ ਭਾਈ ਜੈਤਾ ਜੀ ਨੂੰ ਆਪਣੇ ਘਰ ਰੱਖਿਆ, ਉਨ੍ਹਾਂ ਦੀ ਸੇਵਾ-ਸੰਭਾਲ ਕੀਤੀ, ਭੋਜਨ ਛਕਾਇਆ ਅਤੇ 12 ਨਵੰਬਰ 1675 ਈ. ਨੂੰ ਯਮੁਨਾ ਨਦੀ ਪਾਰ ਕਰਵਾਈ।

**ਦੂਜਾ ਪੜਾਅ**: ਤਰਾਵੜੀ (ਤਰਾਉੜੀ) ਸਾਹਿਬ, ਜ਼ਿਲ੍ਹਾ ਕਰਨਾਲ (ਹਰਿਆਣਾ): ਬਾਗਪਤ ਤੋਂ ਯਮੁਨਾ ਨਦੀ ਪਾਰ ਕਰ ਕੇ ਭਾਈ ਜੈਤਾ ਜੀ 12 ਨਵੰਬਰ 1675 ਈ. ਨੂੰ ਤਰਾਵੜੀ ਵੱਲ ਰਵਾਨਾ ਹੋਏ। ਤੇਜ਼ ਚਾਲ ਚਲਦਿਆਂ ਉਨ੍ਹਾਂ ਨੂੰ ਰਾਹ ਵਿੱਚ ਕਈ ਕੁਦਰਤੀ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਤਰਾਵੜੀ ਨਗਰ ਵਿੱਚ ਗੁਰੂ ਘਰ ਦੇ ਸ਼ਰਧਾਲੂ ਭਾਈ ਦੇਵਾ ਰਾਮ ਜੀ ਅਤੇ ਉਨ੍ਹਾਂ ਦਾ ਪਰਿਵਾਰ ਪਾਵਨ ਸੀਸ ਦੇ ਦਰਸ਼ਨਾਂ ਲਈ ਉਤਾਵਲਾ ਸੀ ਅਤੇ ਭਾਈ ਸਾਹਿਬ ਦੀ ਉਡੀਕ ਕਰ ਰਿਹਾ ਸੀ। ਤਕਰੀਬਨ 36 ਪਿੰਡਾਂ ਦੀਆਂ ਜੂਹਾਂ ਦਾ ਪੈਂਡਾ ਪੈਦਲ ਤੈਅ ਕਰਦਿਆਂ, ਥੱਕੇ-ਟੁੱਟੇ ਤੇ ਭੁੱਖਣ-ਭਾਣੇ ਭਾਈ ਜੈਤਾ ਜੀ 12 ਨਵੰਬਰ 1675 ਨੂੰ ਸ਼ਾਮ ਮੂੰਹ-ਹਨੇਰੇ ਤਰਾਵੜੀ ਵਿੱਚ ਪੁੱਜੇ। ਉਸ ਵੇਲੇ ਭਾਈ ਦੇਵਾ ਰਾਮ ਧੋਬੀ ਘਾਟ 'ਤੇ ਕੱਪੜੇ ਧੋ ਕੇ ਸੁਕਾਉਣ ਪਿੱਛੋਂ ਕੱਪੜੇ ਘਰ ਲਿਜਾ ਰਹੇ ਸਨ। ਰਾਹ ਵਿੱਚ ਭਾਈ ਸਾਹਿਬ ਨੇ ਉਨ੍ਹਾਂ ਨੂੰ ਕੁਝ ਨਾ ਦੱਸਿਆ ਪਰ ਘਰ ਜਾ ਕੇ ਸਾਰੀ ਦੁੱਖਾਂ ਭਰੀ ਵਾਰਤਾ ਸੁਣਾਈ। ਪਰਿਵਾਰ ਦੇ ਜੀਆਂ ਨੇ ਪਾਵਨ ਸੀਸ ਦੇ ਦਰਸ਼ਨ ਕੀਤੇ ਅਤੇ ਭਾਈ ਜੀ ਨੂੰ ਪ੍ਰਸ਼ਾਦਾ ਛਕਾਇਆ।

ਭਾਈ ਜੈਤਾ ਜੀ ਨੇ ਦਿੱਲੀ ਤੋਂ ਤਰਾਵੜੀ ਤੱਕ ਤਕਰੀਬਨ 137 ਕਿਲੋਮੀਟਰ ਰਸਤਾ ਬਿਨਾਂ ਕਿਸੇ ਆਰਾਮ ਤੋਂ ਤੈਅ ਕੀਤਾ। ਰਾਤ ਕੱਟਣ ਮਗਰੋਂ 13 ਨਵੰਬਰ 1675 ਈ. ਨੂੰ ਭਾਈ ਜੈਤਾ ਜੀ ਅੰਬਾਲਾ ਵੱਲ ਨੂੰ ਚੱਲ ਪਏ।

**ਤੀਜਾ ਪੜਾਅ**: ਅੰਬਾਲਾ ਸ਼ਹਿਰ (ਹਰਿਆਣਾ): ਤਰਾਵੜੀ ਤੋਂ ਪਾਵਨ ਸੀਸ ਲੈ ਕੇ ਭਾਈ ਜੈਤਾ ਜੀ ਰਾਤ ਨੂੰ ਅੰਬਾਲਾ ਸ਼ਹਿਰ ਪਹੁੰਚ ਗਏ ਅਤੇ 13-14 ਨਵੰਬਰ ਦੀ ਰਾਤ ਇੱਥੇ ਠਹਿਰੇ। ਅੰਬਾਲਾ ਪੁੱਜ ਕੇ ਉਨ੍ਹਾਂ ਨੇ ਟਾਂਗਰੀ ਨਦੀ ਦੇ ਕਿਨਾਰੇ ਜੰਗਲੀ ਇਲਾਕੇ ਵਿੱਚ ਜੰਡ ਦੇ ਦਰੱਖਤ ਹੇਠ ਆਰਾਮ ਕੀਤਾ। ਇਹ ਉਹੀ ਪਾਵਨ ਅਸਥਾਨ ਹੈ ਜਿੱਥੇ ਅੱਜ 'ਗੁਰਦੁਆਰਾ ਸ੍ਰੀ ਸਤਿ ਸੰਗਤ ਸਾਹਿਬ' ਸੁਸ਼ੋਭਿਤ ਹੈ। ਭਾਈ ਜੈਤਾ ਜੀ ਦੇ ਇੱਥੇ ਕੁਝ ਸਮਾਂ ਆਰਾਮ ਕਰਨ ਕਰ ਕੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ 14 ਦਿਨ ਠਹਿਰਨ ਕਰ ਕੇ ਉਨ੍ਹਾਂ ਦੀ ਯਾਦ ਵਿੱਚ ਸ਼ਾਨਦਾਰ ਗੁਰਧਾਮ ਦੀ ਉਸਾਰੀ ਕੀਤੀ ਹੋਈ ਹੈ।

ਹਨੇਰਾ ਹੋਣ 'ਤੇ ਭਾਈ ਜੈਤਾ ਜੀ ਅੰਬਾਲਾ ਸ਼ਹਿਰ ਦੇ ਮੌਜੂਦਾ 'ਗੁਰਦੁਆਰਾ ਸੀਸ ਗੰਜ ਸਾਹਿਬ' (ਕੈਂਥ ਮਾਜਰੀ) ਵਾਲੀ ਥਾਂ 'ਤੇ ਠਹਿਰੇ ਅਤੇ ਸਿੱਖ ਸੰਗਤ ਨੂੰ ਪਾਵਨ ਸੀਸ ਦੇ ਦਰਸ਼ਨ ਕਰਵਾਏ।

**ਚੌਥਾ ਪੜਾਅ**: ਨਾਭਾ ਸਾਹਿਬ, ਪਟਿਆਲਾ (ਪੰਜਾਬ): 14 ਨਵੰਬਰ 1675 ਈ. ਨੂੰ ਅੰਮ੍ਰਿਤ ਵੇਲੇ ਭਾਈ ਜੈਤਾ ਜੀ ਨੇ ਆਪਣਾ ਚੌਥਾ ਪੜਾਅ ਅੰਬਾਲਾ ਤੋਂ ਆਰੰਭ ਕੀਤਾ। 12 ਪਿੰਡਾਂ ਦੀਆਂ ਜੂਹਾਂ ਵਿੱਚੋਂ ਦੀ ਗੁਜ਼ਰਦੇ ਹੋਏ 14 ਨਵੰਬਰ 1675 ਈ. ਦੀ ਰਾਤ ਉਹ ਪੀਰ ਦਰਗਾਹੀ ਸ਼ਾਹ ਦੀ ਕੁਟੀਆ ਵਿੱਚ ਠਹਿਰੇ। ਖਤਰਨਾਕ ਇਲਾਕਾ ਲੰਘਣ ਤੋਂ ਬਾਅਦ ਦਰਗਾਹ 'ਤੇ ਉਨ੍ਹਾਂ ਨੂੰ ਮਾਣ-ਇੱਜ਼ਤ ਅਤੇ ਆਰਾਮ ਕਰਨ ਦਾ ਆਪਣਾ ਸੁਰੱਖਿਅਤ ਸਥਾਨ ਪ੍ਰਾਪਤ ਹੋਇਆ। ਆਪਣੇ ਖੇਤਰ ਵਿੱਚ ਆ ਕੇ ਉਨ੍ਹਾਂ ਦੀ ਪੈਂਡਾ ਤੈਅ ਕਰਨ ਦੀ ਰਫ਼ਤਾਰ ਵੀ ਪਹਿਲਾਂ ਨਾਲੋਂ ਧੀਮੀ ਪੈ ਗਈ। ਹੁਣ ਇਹ ਪਾਵਨ ਅਸਥਾਨ ਚੰਡੀਗੜ੍ਹ-ਰਾਜਪੁਰਾ ਮੁੱਖ ਮਾਰਗ 'ਤੇ ਸਥਿਤ ਹੈ। ਦਸਮੇਸ਼ ਪਿਤਾ ਪਾਉਂਟਾ ਸਾਹਿਬ ਤੋਂ ਆਨੰਦਪੁਰ ਸਾਹਿਬ ਜਾਂਦੇ ਸਮੇਂ ਵੀ ਇੱਥੇ ਬਿਰਾਜੇ ਸਨ।

**ਪੰਜਵਾਂ ਪੜਾਅ**: ਕੀਰਤਪੁਰ ਸਾਹਿਬ (ਰੂਪਨਗਰ): ਫਕੀਰ ਦਰਗਾਹੀ ਸ਼ਾਹ ਦੀ ਕੁਟੀਆ ਵਿੱਚ ਰਾਤ ਕੱਟਣ ਮਗਰੋਂ 15 ਨਵੰਬਰ 1675 ਈ. ਨੂੰ ਭਾਈ ਜੈਤਾ ਜੀ ਨਾਭਾ ਸਾਹਿਬ ਤੋਂ ਆਨੰਦਪੁਰ ਸਾਹਿਬ ਵੱਲ ਚੱਲ ਪਏ।

ਕੱਚੇ ਰਾਹਾਂ 'ਤੇ ਪੈਂਡਾ ਕਰਦਿਆਂ ਉਹ ਦਿਆਲਪੁਰਾ, ਨਡਿਆਲੀ ਅਤੇ ਬੂੜੈਲ ਕੋਲੋਂ ਦੀ ਲੰਘਦੇ ਹੋਏ ਪਿੰਡ ਫ਼ਤਹਿਪੁਰ ਮਾਦੜਾਂ ਪਹੁੰਚੇ। ਇੱਥੇ ਕੁਝ ਪਲਾਂ ਲਈ ਪਿੱਪਲ ਦੇ ਦਰੱਖਤ ਹੇਠ ਰੁਕੇ। ਇਸ ਪਿੱਪਲ ਦੇ ਪੁਰਾਤਨ ਦਰੱਖਤ 'ਤੇ ਇਤਿਹਾਸਕਾਰ ਡਾਕਟਰ ਭਗਵਾਨ ਸਿੰਘ ਖੋਜੀ ਵੀ ਖੋਜ ਕਾਰਜ ਕਰ ਰਹੇ ਹਨ।

ਇੱਥੋਂ ਉਹ ਕਜਹੇੜੀ ਲਾਗੇ ਪਹੁੰਚੇ ਅਤੇ ਇੱਥੇ ਵੀ ਕੁਝ ਕੁ ਪਲਾਂ ਲਈ ਆਰਾਮ ਕਰਨ ਰੁਕੇ। ਇਸੇ ਰਸਤੇ ਭਾਈ ਸਾਹਿਬ ਮੰਡੀ ਖਰੜ ਅਤੇ ਦਾਊਂ ਮਾਜਰਾ ਵਿੱਚ ਵੀ ਕੁਝ ਪਲਾਂ ਲਈ ਰੁਕੇ। ਇੱਥੇ ਨੌਵੀਂ ਪਾਤਸ਼ਾਹੀ ਦੀ ਯਾਦ ਵਿੱਚ ਪਾਵਨ ਅਸਥਾਨ ਸੁਸ਼ੋਭਿਤ ਹਨ। ਉਸ ਵੇਲੇ ਮੁਸਲਮਾਨਾਂ ਅਤੇ ਰੰਘੜ ਜ਼ਿਮੀਂਦਾਰਾਂ ਦੀ ਆਬਾਦੀ ਵਾਲੇ ਪਿੰਡਾਂ ਕਾਰਨ ਭਾਈ ਸਾਹਿਬ ਨੂੰ ਕਈ ਟੇਢੇ-ਮੇਢੇ ਰਸਤਿਆਂ ਅਤੇ ਪਗਡੰਡੀਆਂ ਉੱਤੋਂ ਦੀ ਤੁਰਨਾ ਪਿਆ। ਦਿੱਲੀ ਤੋਂ ਬਾਗਪਤ ਅਤੇ ਅੰਬਾਲਾ ਤੱਕ ਦਾ ਉਨ੍ਹਾਂ ਦਾ ਪੈਂਡਾ ਔਖਾ ਤੇ ਡਰਾਉਣਾ ਸੀ।

**ਭਾਈ ਜੈਤਾ ਜੀ ਦਾ ਕੀਰਤਪੁਰ ਸਾਹਿਬ ਪਹੁੰਚਣਾ:** ਦਰਿਆ ਸਤਲੁਜ ਦੇ ਕਿਨਾਰੇ ਕੀਰਤਪੁਰ ਸਾਹਿਬ, ਪਹਾੜੀਆਂ ਦੀ ਗੋਦ ਵਿੱਚ ਰਮਣੀਕ ਅਸਥਾਨ ਹੈ। ਇਹ ਆਨੰਦਪੁਰ ਸਾਹਿਬ ਤੋਂ ਨੌਂ ਕਿਲੋਮੀਟਰ ਦੀ ਦੂਰੀ 'ਤੇ ਪੈਂਦਾ ਹੈ। ਇਹ ਪਾਵਨ ਧਰਤੀ ਗੁਰੂ ਨਾਨਕ ਦੇਵ, ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਤੇਗ ਬਹਾਦਰ ਦੀ ਚਰਨਛੋਹ ਪ੍ਰਾਪਤ ਹੈ। ਔਖਾ ਪੈਂਡਾ ਕੱਟਦਿਆਂ ਭਾਈ ਸਾਹਿਬ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਅਤੇ ਇੱਥੇ ਹਾਜ਼ਰ ਗੁਰੂ ਘਰ ਦੇ ਸ਼ਰਧਾਲੂਆਂ ਨਾਲ ਸਲਾਹ-ਮਸ਼ਵਰਾ ਕਰ ਕੇ ਬਾਲ ਗੋਬਿੰਦ ਰਾਏ ਨੂੰ ਆਨੰਦਪੁਰ ਸਾਹਿਬ ਸੁਨੇਹਾ ਭੇਜ ਦਿੱਤਾ ਕਿ ਭਾਈ ਜੈਤਾ ਜੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਲੈ ਕੇ ਪਹੁੰਚ ਗਏ ਹਨ। ਅਗਲਾ ਪ੍ਰੋਗਰਾਮ ਜਿਵੇਂ ਬਾਲ ਗੋਬਿੰਦ ਰਾਏ ਜੀ ਚਾਹੁੰਦੇ ਹਨ, ਉਹ ਬਣਾ ਲੈਣ।

ਸੁਨੇਹਾ ਮਿਲਣ 'ਤੇ ਬਾਲ ਗੋਬਿੰਦ ਰਾਏ ਦੇ ਹੁਕਮ ਨਾਲ ਸੰਗਤ ਕੀਰਤਪੁਰ ਸਾਹਿਬ ਪਹੁੰਚੀ। ਉੱਥੋਂ ਪਾਲਕੀ ਸਾਹਿਬ ਵਿੱਚ ਪਾਵਨ ਸੀਸ ਸੁਭਾਇਮਾਨ ਕਰ ਕੇ ਨਗਰ ਕੀਰਤਨ ਸਜਾਇਆ ਗਿਆ, ਜਿਸ ਕਰ ਕੇ ਅੱਜ ਇਸ ਅਸਥਾਨ ਨੂੰ 'ਗੁਰਦੁਆਰਾ ਬਿਬਾਨਗੜ੍ਹ ਸਾਹਿਬ' ਕਿਹਾ ਜਾਂਦਾ ਹੈ। ਬਾਲ ਗੋਬਿੰਦ ਰਾਏ ਵੀ ਸੰਗਤ ਨਾਲ ਨੱਕੀਆਂ, ਬੱਢਲ, ਮੇਢਣਾ, ਮਟੌਰ ਅਤੇ ਲੋਧੀਪੁਰ ਆਦਿ ਪਿੰਡਾਂ ਤੋਂ ਹੁੰਦੇ ਹੋਏ 15 ਨਵੰਬਰ 1675 ਈ. ਨੂੰ ਆਨੰਦਪੁਰ ਸਾਹਿਬ ਪਹੁੰਚੇ। ਇੱਥੇ ਮਾਮਾ ਕਿਰਪਾਲ ਚੰਦ ਨੇ ਸੀਸ ਨੂੰ ਮੱਥਾ ਟੇਕਿਆ ਅਤੇ ਪਾਵਨ ਸੀਸ ਭਾਈ ਜੈਤਾ ਜੀ ਦੇ ਸਿਰ ਤੋਂ ਉਤਾਰ ਕੇ ਚਬੂਤਰੇ (ਮੌਜੂਦਾ ਗੁਰਦੁਆਰਾ ਸੀਸ ਗੰਜ ਸਾਹਿਬ) 'ਤੇ ਰੱਖਿਆ।

16 ਨਵੰਬਰ 1675 ਈ. ਨੂੰ ਸੀਸ ਦਾ ਸਸਕਾਰ ਕੀਤਾ ਗਿਆ। ਇਸ ਮਗਰੋਂ ਦਸਮ ਪਿਤਾ ਨੇ ਭਾਈ ਜੈਤਾ ਜੀ ਤੋਂ ਸਫ਼ਰ ਦੀ ਦਾਸਤਾਨ ਸੁਣ ਕੇ ਉਨ੍ਹਾਂ ਨੂੰ ਗਲਵੱਕੜੀ ਵਿੱਚ ਲਿਆ ਤੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਸਨਮਾਨ ਬਖਸ਼ਿਆ। ਇਸੇ ਸਤਿਕਾਰ ਵਜੋਂ ਦਰਬਾਰ ਸਾਹਿਬ, ਅੰਮ੍ਰਿਤਸਰ (ਦੁੱਖ ਭੰਜਨੀ ਬੇਰੀ ਕੋਲ) ਸਿੱਖ ਇਤਿਹਾਸ ਦਾ ਸਭ ਤੋਂ ਪੁਰਾਤਨ 'ਬੁੰਗਾ ਰੰਘਰੇਟਿਆਂ' ਉਸਾਰਿਆ ਗਿਆ। ਭਾਵੇਂ ਇਹ ਵਿਰਾਸਤੀ ਯਾਦਗਾਰ ਢਾਹ ਦਿੱਤੀ ਗਈ ਹੈ, ਪਰ ਸੰਗਤ ਅੱਜ ਵੀ ਇਸ ਦੀ ਮੁੜ ਉਸਾਰੀ ਦੀ ਮੰਗ ਕਰ ਰਹੀ ਹੈ।

A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY

WALKER HOUSE



NOW SELLING

NORTH DELTA'S FLAGSHIP
HIGH-RISE COMMUNITY

Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.

**Starting from the mid $400s. Parking included.**

BOOK A PRIVATE VIEWING
WalkerHouseDelta.com

BMG REAL ESTATE
BUILDING COMMUNITIES

MARKETING BY
rennie

This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# Dr. Dhanju

## We'll take care of your Teeth



**General**
Exams/Cleaning
Dental Sealants
Root Canals
Crowns/Caps
Duentures
Gum Disease

**Cosmetic**
Teeth Whitening
Veneers
Smile Design

**Surgical**
Wisdom Teeth
Implants

**High-Tech Exam**
Dignodent
Digital X-Rays
Intra-Oral Camera

**SURREY**
206 - 15230 56 Ave
(HWY 10),
604-200-3993

**SURREY**
7126 King George
Blvd,
604.591.8999

**RICHMOND**
Suite 1946 6060 Minoru Blvd. Inside
Richmond Centre
(Close to Shoppers Drug Mart)
604.276.2442

**SURREY**
Suite 300 15850
24th Ave.
604.536.2700

Vol. 20, Issue: 35

Friday, SEP 04, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## CANADA'S HOUSING MARKET MAY BE TURNING A CORNER



Canada's housing market could be entering a new phase, with early signs that the prolonged slowdown is beginning to ease. A new RBC Economics report says home resales have been improving since April, while inventory levels are starting to stabilize and prices are showing signs of finding a floor.The improvement is being upported by better affordability and the possibility of stronger buyer confidence. However, the recovery is expected to be slow and uneven, particularly in Ontario and British Columbia, where housing markets continue to face pressure.

The condo segment is likely to take longer to recover, especially in Toronto and Vancouver, where elevated inventory and weaker investor emand remain concerns.

Meanwhile, the Bank of Canada has kept its key interest rate at 2.25%, providing some stability for borrowers, although economic and trade uncertainty continues to influence buyer confidence.

The takeaway: Canada's housing market may finally be moving toward recovery — but experts expect the road ahead to be gradual rather than dramatic.

## Lifestyle REAL ESTATE GROUP

**$1,688,000**



**9709 Crown Crescent**

*Beautifully maintained and updated 5 bdrm, 3.5 bath home with amazing views!*

**$1,819,000**



**12905 99 Ave**

*EXCELLENT opportunity for multi-family living in this 2 family duplex with room for extended family!*

**$1,199,000**



**8554 - 109B Street**

*Charming 3 bdrm, 2 full bath rancher set on a private 7260 sqft fully fenced lot!*

**$4,500,000**



**12010 - 265A Street**

*1.5 acre ultimate multi generational estate property in Forest Hills!*

**$1,199,000**



**14950 - 86A Avenue**

*Updated 3 bdrm plus den home on a corner lot with a beautiful south facing backyard!*

**$349,500**



**#61-32959 George Ferguson**

*Spacious, bright, updated 2 bdrm upper END unit in Oakhurst Park*



**Tom Edwards**
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

Lifestyle REAL ESTATE GROUP

RE/MAX



# HARMINDER S. PATTAR PREC

COLDWELL BANKER UNIVERSE REALTY

## 604-377-2854

**BUILDERS OR INVESTOR ALERT!**
**I have BIG Chinese Investors, they are looking for Investment in Multi-family Townhouses and Hotel sites. Call for more details.**



PRIME LOCATION Well kept over 3700 sq ft house with 4 bedrooms,2 Bathroom , family Room , kitchen big covered sundeck on side upstairs .. (2+1) bedroom 2 suits & recroom with washroom in basement.. sitting on 7200 sq ft lot .. Near 124 & 82 Ave
For more info pls call

### COMMERCIAL PLAZA FOR SALE 2638-2640 CEDAR PARK PLACE, ABBOTSFORD



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$6,699,000**

### 2711 4730 LOUGHEED HIGHWAY



Welcome to North-East Facing 2 Bed 2 Bath Home with Panoramic Views from sparkling morning sunrises to snow-capped mountain vistas. The layout places the two bedrooms away from each other, making the space more private.

**$789,000**

### 3004 4890 LOUGHEED HIGHWAY



Welcome to this spacious 2 Bed 2 Bath Home with Panoramic Views from sparkling morning sunrises to snow-capped mountain vistas. The layout places the two bedrooms away from each other, making the space more private. This unit features a modernized kitchen, smart home features like radiant heated balconies and a spacious living area. Don't miss this opportunity! Contact us to book a provate showing.

**$879,000**

### #45 12036 66 AVE, SURREY $779,000



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**$799,000**

THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# REALTY CLASSIFIED




## KULVIR SAHOTA PREC.

**778.863.2472**

sahotakulvir@gmail.com

Top-selling Agent in Surrey Office

Since 2017, 2018, 2019, 2020, 50 SOLD in 2021

### 14373 66 Ave Surrey BC



Two storey house,5bed 3 full bath, 2bed basement suite, 7200 sf lot,
Asking:$1429K

### 12848 65 Ave Surrey



Renovated house 3bed 3bath, 6400 sf lot,
Asking: 1199K,

### 12846 68 Ave Surrey



Price $1,349,000

Excellent Opportunity to buy a 4-level Split House in West Newton, 7 Bed 4 Bath. 4 bed and 3 full bath upstairs for the main house. The property contains 2 unauthorized accommodations (2+1). The whole house rented for $6500. Walking Distance to School, Public Transit, Shopping, Market and All other Amenities.

### 101 8655 King George Blvd. Surrey




Price $829,000

CREEKSIDE VILLAGE. 2 level clean bright CORNER UNIT with 3 beds & 2.5 baths. Tiled entry, sliders to patio. priv. yard. BEAR CREEK PARK nearby,

### 19536 118B Ave



Two Storey house 5bed 4 full bath, 7500 lot,
Asking: 1429K

### Townhouse for sale



2bed 2bath, 1246 sf,
Asking: $690K

### Apartment for Sale



002-10760 135A Ave Brand new, 2bed 2bath, 800 sf,
Asking: $649K

### 77 15151 Edmund Drive, Surrey



3 Bed+Den, 3 Bath A centrally located unit within walking distance to all banks, restaurants, dollarama, shoppers drug mart. A list of recreation facilities & amenities, including YMCA, Fresh Street Market & Panorama Village Centre, all within walking distance.
Asking $949K

### 314-7445 120 Street




### 103 13725 72A AVENUE




### 13930 77 Ave Surrey BC




### 124 13725 72A AVENUE




### 314-7445 120 Street






# ਬਾਲੀਵੁੱਡ

## 'ਸਿੰਘ ਵਰਸਿਜ਼ ਕੌਰ-2' ਦੇ ਗੀਤਾਂ ਨੇ ਮਚਾਈ ਧੂਮ, 'ਨੋਟਾਂ' ਦੀ ਮਸਤੀ ਤੋਂ ਬਾਅਦ 'ਸੋਹਣੀ' ਨੇ ਛੇੜਿਆ ਪਿਆਰ ਦਾ ਰੰਗ

ਪੰਜਾਬੀ ਸਿਨੇਮਾ ਦੀ ਆਉਣ ਵਾਲੀ ਚਰਚਿਤ ਫਿਲਮ 'ਸਿੰਘ ਵਰਸਿਜ਼ ਕੌਰ-2' ਇਨ੍ਹੀਂ ਦਿਨੀਂ ਦਰਸ਼ਕਾਂ 'ਚ ਖੂਬ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਫਿਲਮ ਦੇ ਗੀਤ ਇਕ ਤੋਂ ਬਾਅਦ ਇਕ ਦਰਸ਼ਕਾਂ ਦੇ ਰੂ-ਬ-ਰੂ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਲੈ ਕੇ ਪੰਜਾਬੀ ਸੰਗੀਤ ਪ੍ਰੇਮੀਆਂ 'ਚ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਫਿਲਮ ਦੇ ਦੋ ਗੀਤ 'ਨੋਟਾਂ' ਅਤੇ 'ਸੋਹਣੀ' ਨੇ ਇਸ ਦੀ ਚਰਚਾ ਨੂੰ ਹੋਰ ਤੇਜ਼ ਕਰ ਦਿੱਤਾ ਹੈ।




ਫਿਲਮ ਦਾ ਗੀਤ 'ਨੋਟਾਂ' ਜੋਸ਼, ਮਸਤੀ ਅਤੇ ਪੰਜਾਬੀ ਰੰਗ ਨਾਲ ਭਰਪੂਰ ਨਜ਼ਰ ਆਉਂਦਾ ਹੈ। ਗੀਤ 'ਚ ਗਿੱਪੀ ਗਰੇਵਾਲ ਦਾ ਦਮਦਾਰ ਅੰਦਾਜ਼ ਦੇਖਣ ਨੂੰ ਮਿਲਦਾ ਹੈ। ਗੀਤ ਦੀ ਧੁਨ ਅਤੇ ਬੋਲ ਇਸ ਨੂੰ ਇਕ ਅਜਿਹਾ ਮਸਤੀ ਭਰਿਆ ਗੀਤ ਬਣਾਉਂਦੇ ਹਨ, ਜੋ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰਦਾ ਨਜ਼ਰ ਆ ਰਿਹਾ ਹੈ। ਗੀਤ ਰਾਹੀਂ ਫਿਲਮ ਦੇ ਹਾਸੇ-ਮਜ਼ਾਕ ਅਤੇ ਮਨੋਰੰਜਨ ਭਰੇ ਮਾਹੌਲ ਦੀ ਵੀ ਝਲਕ ਮਿਲਦੀ ਹੈ।

ਦੂਜੇ ਪਾਸੇ 'ਸੋਹਣੀ' ਗੀਤ 'ਚ ਫਿਲਮ ਦਾ ਰੋਮਾਂਟਿਕ ਪੱਖ ਸਾਹਮਣੇ ਆਇਆ ਹੈ। ਇਸ ਗੀਤ 'ਚ ਗਿੱਪੀ ਗਰੇਵਾਲ ਅਤੇ ਸ਼ਹਿਨਾਜ਼ ਗਿੱਲ ਦੀ ਜੋੜੀ ਖਾਸ ਖਿੱਚ ਦਾ ਕੇਂਦਰ ਬਣੀ ਹੋਈ ਹੈ। ਗੀਤ ਦੇ ਦ੍ਰਿਸ਼ਾਂ 'ਚ ਦੋਵਾਂ ਵਿਚਕਾਰ ਪਿਆਰ ਭਰੀ ਨੋਕ-ਝੋਕ ਅਤੇ ਖੂਬਸੂਰਤ ਪਲ ਦੇਖਣ ਨੂੰ ਮਿਲਦੇ ਹਨ। ਸ਼ਹਿਨਾਜ਼ ਗਿੱਲ ਦਾ ਅੰਦਾਜ਼ ਅਤੇ ਗਿੱਪੀ ਗਰੇਵਾਲ ਨਾਲ ਉਨ੍ਹਾਂ ਦੀ ਜੋੜੀ ਗੀਤ ਨੂੰ ਹੋਰ ਦਿਲਚਸਪ ਬਣਾਉਂਦੀ ਹੈ।

'ਸੋਹਣੀ' ਗੀਤ ਰਾਹੀਂ ਫਿਲਮ ਦੀ ਕਹਾਣੀ 'ਚ ਪਿਆਰ ਦੇ ਰੰਗ ਦੀ ਝਲਕ ਵੀ ਮਿਲਦੀ ਹੈ। ਗੀਤ ਦੇ ਬੋਲ ਦਿਲ ਨੂੰ ਛੂਹਣ ਵਾਲੇ ਹਨ, ਜਦਕਿ ਇਸ ਦਾ ਸੰਗੀਤ ਪੰਜਾਬੀ ਸੁਰਾਂ ਨਾਲ ਰੋਮਾਂਟਿਕ ਮਾਹੌਲ ਪੈਦਾ ਕਰਦਾ ਹੈ। ਗਿੱਪੀ ਗਰੇਵਾਲ ਦੀ ਆਵਾਜ਼ 'ਚ ਗਾਇਆ ਇਹ ਗੀਤ ਫਿਲਮ ਦੇ ਪ੍ਰੇਮ ਪੱਖ ਨੂੰ ਹੋਰ ਉਭਾਰਦਾ ਹੈ।

ਫਿਲਮ 'ਚ ਗਿੱਪੀ ਗਰੇਵਾਲ ਅਤੇ ਸ਼ਹਿਨਾਜ਼ ਗਿੱਲ ਤੋਂ ਇਲਾਵਾ ਪ੍ਰਿੰਸ ਕੰਵਲਜੀਤ ਸਿੰਘ, ਰਘਵੀਰ ਬੋਲੀ, ਹਨੀ ਮੱਟੂ, ਗੁਲਜ਼ਾਰ ਚਹਿਲ, ਰੁਪਿੰਦਰ ਰੂਪੀ, ਗੁਰਪ੍ਰੀਤ ਭੰਗੂ, ਗੁਰਮੀਤ ਸਾਜਨ ਅਤੇ ਭਾਨਾ ਐੱਲ. ਏ. ਵਰਗੇ ਕਈ ਮਸ਼ਹੂਰ ਕਲਾਕਾਰ ਵੀ ਨਜ਼ਰ ਆਉਣਗੇ। ਕਲਾਕਾਰਾਂ ਦੀ ਵੱਡੀ ਟੀਮ ਕਾਰਨ ਫਿਲਮ 'ਚ ਹਾਸੇ-ਮਜ਼ਾਕ ਅਤੇ ਮਨੋਰੰਜਨ ਦੀ ਕੋਈ ਕਮੀ ਨਾ ਰਹਿਣ ਦੀ ਉਮੀਦ ਹੈ।

'ਸਿੰਘ ਵਰਸਿਜ਼ ਕੌਰ-2' ਦਾ ਨਿਰਦੇਸ਼ਨ ਨਵਨੀਅਤ ਸਿੰਘ ਨੇ ਕੀਤਾ ਹੈ। ਇਹ ਫਿਲਮ 2013 'ਚ ਆਈ 'ਸਿੰਘ ਵਰਸਿਜ਼ ਕੌਰ' ਦੀ ਅਗਲੀ ਕੜੀ ਹੈ। ਨਵੀਂ ਕਹਾਣੀ, ਨਵੇਂ ਕਿਰਦਾਰਾਂ ਅਤੇ ਨਵੇਂ ਅੰਦਾਜ਼ ਨਾਲ ਤਿਆਰ ਕੀਤੀ ਗਈ ਇਸ ਫਿਲਮ ਨੂੰ ਲੈ ਕੇ ਦਰਸ਼ਕਾਂ 'ਚ ਪਹਿਲਾਂ ਹੀ ਕਾਫ਼ੀ ਉਤਸੁਕਤਾ ਹੈ।

ਫਿਲਮ ਦੇ ਗੀਤਾਂ ਨੂੰ ਮਿਲ ਰਹੇ ਹੁੰਗਾਰੇ ਤੋਂ ਬਾਅਦ ਹੁਣ ਦਰਸ਼ਕਾਂ ਦੀਆਂ ਨਜ਼ਰਾਂ ਫਿਲਮ ਦੀ ਰਿਲੀਜ਼ 'ਤੇ ਟਿਕੀਆਂ ਹੋਈਆਂ ਹਨ। 'ਸਿੰਘ ਵਰਸਿਜ਼ ਕੌਰ-2' 11 ਸਤੰਬਰ 2026 ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਵੇਗੀ। ਹੁਣ ਦੇਖਣਾ ਹੋਵੇਗਾ ਕਿ ਗਿੱਪੀ ਗਰੇਵਾਲ ਅਤੇ ਸ਼ਹਿਨਾਜ਼ ਗਿੱਲ ਦੀ ਜੋੜੀ ਅਤੇ ਫਿਲਮ ਦੀ ਕਹਾਣੀ ਵੱਡੇ ਪਰਦੇ 'ਤੇ ਦਰਸ਼ਕਾਂ ਦਾ ਦਿਲ ਜਿੱਤਣ 'ਚ ਕਿੰਨੀ ਕਾਮਯਾਬ ਰਹਿੰਦੀ ਹੈ।

## 5 ਮਹੀਨੇ ਬਾਅਦ ਹੀ ਟੁੱਟ ਗਿਆ ਰੈਪਰ ਬਾਦਸ਼ਾਹ ਦਾ ਵਿਆਹ

ਮਸ਼ਹੂਰ ਰੈਪਰ ਅਤੇ ਸੰਗੀਤਕਾਰ ਬਾਦਸ਼ਾਹ ਨੂੰ ਲੈ ਕੇ ਇਸ ਸਮੇਂ ਹੈਰਾਨ ਕਰ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਰੈਪਰ ਬਾਦਸ਼ਾਹ ਅਤੇ ਪੰਜਾਬੀ ਅਦਾਕਾਰਾ ਈਸ਼ਾ ਰਿਖੀ ਆਪਣੇ ਵਿਆਹ ਦੇ ਸਿਰਫ਼ ਪੰਜ ਮਹੀਨੇ ਬਾਅਦ ਵੱਖ ਹੋ ਗਏ ਹਨ। ਰੈਪਰ ਬਾਦਸ਼ਾਹ ਨੇ ਆਪਣੀ ਦੂਜੀ ਪਤਨੀ ਤੋਂ ਤਲਾਕ ਲੈਣ ਦਾ ਐਲਾਨ ਕਰ ਦਿੱਤਾ ਹੈ। ਸੋਮਵਾਰ ਨੂੰ ਦੋਵਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਆਪਣੇ ਤਲਾਕ ਦੀ ਪੁਸ਼ਟੀ ਕਰ ਦਿੱਤੀ ਹੈ।



ਦੱਸ ਦੇਈਏ ਕਿ ਪਿਛਲੇ ਕੁਝ ਮਹੀਨਿਆਂ ਤੋਂ ਸੋਸ਼ਲ ਮੀਡੀਆ 'ਤੇ ਦੋਵਾਂ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ ਅਤੇ ਹੁਣ ਆਖਰਕਾਰ ਦੋਵਾਂ ਨੇ ਇਨ੍ਹਾਂ ਖ਼ਬਰਾਂ ਦੀ ਪੁਸ਼ਟੀ ਕਰ ਦਿੱਤੀ ਹੈ। ਬਾਦਸ਼ਾਹ ਅਤੇ ਈਸ਼ਾ ਨੇ ਸੋਮਵਾਰ ਰਾਤ ਨੂੰ ਆਪਣੀਆਂ-ਆਪਣੀਆਂ ਇੰਸਟਾਗ੍ਰਾਮ ਪੋਸਟਾਂ ਵਿੱਚ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਆਪਸੀ ਸਹਿਮਤੀ ਨਾਲ ਵੱਖ ਹੋਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਨੇ ਪੋਸਟ ਵਿਚ ਕਿਹਾ, "ਮੈਂ ਅਤੇ ਈਸ਼ਾ ਰਿਖੀ ਨੇ ਆਪਸੀ ਸਹਿਮਤੀ ਨਾਲ ਆਪਣੇ ਰਸਤੇ ਵੱਖ ਕਰਨ ਅਤੇ ਜ਼ਿੰਦਗੀ ਵਿਚ ਅਗੇ ਵੱਧਣ ਦਾ ਫੈਸਲਾ ਲਿਆ ਹੈ। ਇਹ ਫੈਸਲਾ ਅਸੀਂ ਆਪਸੀ ਸੂਝ-ਬੂਝ ਅਤੇ ਸਤਿਕਾਰ ਨਾਲ ਲਿਆ ਗਿਆ ਹੈ। ਅਸੀਂ ਇਸ ਮੁਸ਼ਕਲ ਸਮੇਂ ਵਿਚ ਤੁਹਾਡੇ ਸਾਰਿਆਂ ਤੋਂ ਸਾਡੀ ਪ੍ਰਾਈਵੇਸੀ ਦਾ ਸਨਮਾਨ ਕਰਨ ਦੀ ਅਪੀਲ ਕਰਦੇ ਹਾਂ। ਇਸ ਪੂਰੇ ਮਾਮਲੇ 'ਤੇ ਇਹ ਸਾਡਾ ਇਕਲੌਤਾ ਅਤੇ ਆਖਿਰੀ ਬਿਆਨ ਹੋਵੇਗਾ। ਅਸੀਂ ਦਿਲੋਂ ਬੇਨਤੀ ਕਰਦੇ ਹਾਂ ਕਿ ਸਾਡੇ ਰਿਸ਼ਤੇ ਬਾਰੇ ਕੋਈ ਵੀ ਮਨਘੜਤ ਕਹਾਣੀਆਂ ਜਾਂ ਅੰਦਾਜ਼ੇ ਨਾ ਲਗਾਏ ਜਾਣ।"

## ਕਾਰਲ ਲੈਗਰਫੈਲਡ ਪੁਰਸਕਾਰ ਪੇਸ਼ ਕਰੇਗੀ ਅਦਾਕਾਰਾ ਪ੍ਰਿਯੰਕਾ ਚੋਪੜਾ



ਅਦਾਕਾਰਾ ਪ੍ਰਿਯੰਕਾ ਚੋਪੜਾ ਜੋਨਾਸ ਨੂੰ 2026 LVMH ਪੁਰਸਕਾਰ ਦੇ ਅੰਤਿਮ ਦੌਰ ਲਈ ਅੰਬੈਸਡਰ ਨਾਮਜ਼ਦ ਕੀਤਾ ਗਿਆ ਹੈ। ਉਹ ਫਰਾਂਸ ਦੇ ਪੈਰਿਸ ਵਿੱਚ ਹੋਣ ਵਾਲੇ ਇਸ ਸਮਾਰੋਹ ਵਿੱਚ ਵੱਕਾਰੀ 'ਕਾਰਲ ਲੈਗਰਫੈਲਡ' ਪੁਰਸਕਾਰ ਪ੍ਰਦਾਨ ਕਰੇਗੀ। ਇੱਕ ਪ੍ਰੈਸ ਰਿਲੀਜ਼ ਅਨੁਸਾਰ, ਡਿਓਰ ਦੀ ਅੰਬੈਸਡਰ ਪ੍ਰਿਯੰਕਾ, 'ਫਾਉਂਡੇਸ਼ਨ ਲੁਈਸ ਵਿਟਨ' ਵਿੱਚ ਆਯੋਜਿਤ ਹੋਣ ਵਾਲੇ ਇਸ ਸਮਾਰੋਹ ਵਿੱਚ ਡਿਓਰ ਦੀ ਆਪਣੀ ਸਾਥੀ ਅੰਬੈਸਡਰ ਜੈਨੀਫਰ ਲਾਰੈਂਸ ਅਤੇ ਲੁਈਸ ਵਿਟਨ ਬ੍ਰਾਂਡ ਦਾ ਚਿਹਰਾ ਬਣ ਗਈ ਥਾਈ ਅਦਾਕਾਰਾ ਉਰਾਸਿਆ "ਯਾਯਾ" ਸਪਰਬੰਡ ਨਾਲ ਬਤੌਰ ਪੁਰਸਕਾਰ ਪੇਸ਼ਕਾਰਾਂ ਵਜੋਂ ਸ਼ਾਮਲ ਹੋਵੇਗੀ।

LVMH ਪੁਰਸਕਾਰ ਦੇ ਅਧਿਕਾਰਤ ਇੰਸਟਾਗ੍ਰਾਮ ਪੰਨੇ 'ਤੇ ਇੱਕ ਪੋਸਟ ਵਿੱਚ ਕਿਹਾ ਗਿਆ, "ਅਸੀਂ ਇਸ ਸਾਲ ਦੇ LVMH ਪੁਰਸਕਾਰ ਫਾਈਨਲ ਲਈ ਅੰਬੈਸਡਰ ਵਜੋਂ ਅਦਾਕਾਰਾ ਪ੍ਰਿਯੰਕਾ ਚੋਪੜਾ ਜੋਨਾਸ ਦਾ ਸਵਾਗਤ ਕਰਦੇ ਹੋਏ ਖੁਸ਼ ਹਾਂ।" ਅਦਾਕਾਰਾ ਪ੍ਰਿਯੰਕਾ 'ਕਾਰਲ ਲੈਗਰਫੈਲਡ' ਪੁਰਸਕਾਰ ਪੇਸ਼ ਕਰੇਗੀ, ਜਿਸ ਤਹਿਤ 2 ਲੱਖ ਯੂਰੋ (1 ਯੂਰੋ = 109.87 ਰੁਪਏ) ਦੀ ਰਕਮ ਅਤੇ ਇੱਕ ਸਾਲ ਦੇ ਸਲਾਹਕਾਰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਮੌਕਾ ਦਿੱਤਾ ਜਾਂਦਾ ਹੈ।

ਲਾਰੈਂਸ 4 ਲੱਖ ਯੂਰੋ ਦਾ ਮੁੱਖ ਪੁਰਸਕਾਰ ਪੇਸ਼ ਕਰੇਗੀ, ਜਦੋਂ ਕਿ ਸਪਰਬੰਡ 'ਸੇਵੋਇਰ-ਫੇਅਰ' ਪੁਰਸਕਾਰ ਦੇਵੇਗੀ। LVMH ਪੁਰਸਕਾਰ ਉੱਭਰ ਰਹੇ ਫੈਸ਼ਨ ਪ੍ਰਤਿਭਾ ਦਾ ਸਨਮਾਨ ਕਰਦਾ ਹੈ। ਇਸ ਸਾਲ ਦੇ ਸਮਾਰੋਹ ਵਿੱਚ 9 ਡਿਜ਼ਾਈਨਰ 3 ਪੁਰਸਕਾਰਾਂ ਲਈ ਮੁਕਾਬਲਾ ਕਰਨਗੇ।

# ਕੁਰਸੀਆਂ ਦੀ ਲੜਾਈ ਨੇ ਲੋਕ ਮੁੱਦੇ ਵਿਸਾਰੇ

ਜਦੋਂ ਦਾ ਸਾਲ 2026 ਚੜ੍ਹਿਆ ਹੈ, ਉਦੋਂ ਤੋਂ ਪੰਜਾਬ ਵਿਚ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਸਨ, ਨਾਲ ਹੀ ਇਹ ਵੀ ਉਮੀਦ ਜਾਗੀ ਸੀ ਕਿ ਹੁਣ ਤਾਂ ਕੋਈ ਪੰਜਾਬ ਦੇ ਮੁੱਦਿਆਂ ਦੀ ਗੱਲ ਕਰੇਗਾ। ਪਰ ਧਿਆਨ ਮਾਰੋ ਤਾਂ ਸਾਨੂੰ ਪੰਜਾਬ ਦੀ ਸਿਆਸਤ ਦੀਆਂ ਸੁਰਖੀਆਂ ਕੁਝ ਇਸ ਤਰਾਂ ਦੀਆਂ ਮਿਲਦੀਆਂ ਹਨ, ਵੜਿੰਗ ਰਹਿਣਗੇ ਜਾਂ ਹਟਣਗੇ, ਚੰਨੀ ਧੜਾ ਕੀ ਮੰਗ ਰਿਹਾ ਹੈ, ਅਕਾਲ ਤਖ਼ਤ ਸਾਹਿਬ ਨੇ ਮਾਨ ਨੂੰ ਕੀ ਕਿਹਾ ਅਤੇ ਮਾਨ ਦਾ ਵਾਰ ਅਕਾਲ ਤਖ਼ਤ ਸਾਹਿਬ 'ਤੇ, ਅਕਾਲੀ ਦਲ 'ਚ ਧੜੇਬੰਦੀ, ਭਾਜਪਾ ਦਾ ਗੱਠਜੋੜ ਬਾਰੇ ਭੰਬਲਭੂਸਾ, ਇਹ ਸਭ ਖ਼ਬਰਾਂ ਮਿਲਦੀਆਂ ਹਨ ਪਰ ਪੰਜਾਬ ਦੀਆਂ ਸਮੱਸਿਆਵਾਂ ਦੀ ਕੋਈ ਖ਼ਬਰ ਨਹੀਂ, ਜਿਸ ਸੂਬੇ 'ਤੇ ਸਾਢੇ ਚਾਰ ਲੱਖ ਕਰੋੜ ਦਾ ਕਰਜ਼ ਹੋਵੇ, ਜਿੱਥੇ ਧਰਤੀ ਹੇਠਲਾ ਪਾਣੀ ਹਰ ਸਾਲ ਹੇਠਾਂ ਜਾ ਰਿਹਾ ਹੋਵੇ, ਜਿੱਥੇ ਨਸ਼ੇ ਨਾਲ ਮੌਤਾਂ ਦੀ ਗਿਣਤੀ ਪੂਰੇ ਦੇਸ਼ 'ਚੋਂ ਵਧ ਜਾਵੇ, ਉਥੇ ਚੋਣ ਪ੍ਰਚਾਰ ਦਾ ਧੁਰਾ ਇਹ ਬਣਿਆ ਹੋਵੇ ਕਿ ਕਿਸ ਪਾਰਟੀ ਦਾ ਕਿਹੜਾ ਧੜਾ ਕਿਸ ਦੇ ਖ਼ਿਲਾਫ਼ ਹੈ। ਸਟੇਜਾਂ 'ਤੇ ਮੁੱਦਿਆਂ ਦੀ ਬਜਾਏ ਇਕ-ਦੂਜੇ ਨੂੰ ਮੇਹਣੋ-ਮੇਹਣੀ ਹੋਣ ਤਾਂ ਇਹ ਫਰਕ ਸਮਝਣ ਵਾਲਾ ਹੈ ਅਤੇ ਅੱਜ ਇਸ ਫ਼ਰਕ ਦੀ ਗੱਲ ਕਰਨੀ ਜ਼ਰੂਰੀ ਹੈ।

ਕਰਜ਼ਾ ਸੁਰਖੀਆਂ ਦਾ ਹਿੱਸਾ ਬਣ ਰਹਿ ਜਾਂਦਾ-ਸੂਬਾ ਸਰਕਾਰ ਦੇ 2026-27 ਦੇ ਬਜਟ ਵਿਚ ਜੋ ਅਨੁਮਾਨ ਦਿੱਤਾ ਹੈ, ਉਸ ਅਨੁਸਾਰ ਸੂਬੇ ਸਿਰ ਵਿੱਤੀ ਕਰਜ਼ਾ ਸਾਢੇ ਚਾਰ ਲੱਖ ਕਰੋੜ ਤੱਕ ਪਹੁੰਚ ਜਾਣਾ ਹੈ। ਇਸ ਸੰਬੰਧੀ ਵਿਰੋਧੀ ਧਿਰ ਸਿਰਫ਼ ਵਿਧਾਨ ਸਭਾ ਵਿਚ ਖਾਨਾਪੂਰਤੀ ਲਈ ਆਪਣੀ ਹਾਜ਼ਰੀ ਲਵਾਉਂਦੀ ਨਜ਼ਰ ਆਉਂਦੀ ਹੈ। ਵਿਰੋਧੀ ਧਿਰਾਂ ਇਸ ਆਰਥਿਕ ਮੁੱਦੇ ਸੰਬੰਧੀ ਬਿਰਤਾਂਤ ਸਿਰਜਣ ਵਿਚ ਅਸਫਲ ਰਹੀਆਂ ਹਨ। ਇੱਥੋਂ ਤੱਕ ਕਿ ਵਿਧਾਨ ਸਭਾ ਵਿਚ ਵੀ ਕੋਈ ਇਹ ਨਹੀਂ ਬੋਲਦਾ ਕਿ ਸਰਕਾਰ ਦੀਆਂ ਕਿਹੜੀਆਂ ਗਲਤ ਨੀਤੀਆਂ ਕਾਰਨ ਇਹ ਕਰਜ਼ਾ ਚੜ੍ਹਦਾ ਜਾ ਰਿਹਾ ਹੈ, ਜਦਕਿ ਸਰਕਾਰ ਆਪਣਾ ਪੱਲਾ ਇਹ ਕਹਿ ਕਿ ਝਾੜ ਲੈਂਦੀ ਹੈ ਕਿ ਅਸੀਂ ਤਾਂ ਪੁਰਾਣਿਆਂ ਦੇ ਲਏ ਕਰਜ਼ੇ ਦਾ ਵਿਆਜ ਮੋੜਦੇ ਹੀ ਰਹਿ ਗਏ ਹਾਂ। ਨੀਤੀ ਆਯੋਗ ਦੀ ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ 2022-23 ਵਿਚ ਪੰਜਾਬ ਦਾ ਕਰਜ਼ਾ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਅਨੁਪਾਤ 47 ਫ਼ੀਸਦੀ ਸੀ, ਜਦਕਿ ਬਾਕੀ ਸੂਬਿਆਂ ਦਾ ਇਹ ਅੰਕੜਾ ਤਕਰੀਬਨ 32.1 ਫ਼ੀਸਦੀ ਸੀ। ਮਾਲੀਆ ਘਾਟਾ, 0.4 ਫ਼ੀਸਦੀ ਦੇ ਮੁਕਾਬਲੇ ਪੰਜਾਬ 'ਚ 3.5 ਫ਼ੀਸਦੀ ਹੈ। ਮੁਫ਼ਤ ਦੀਆਂ ਰਿਉੜੀਆਂ ਵੋਟਾਂ ਦਿੰਦੀਆਂ ਹਨ, ਕਰਜ਼ੇ ਦਾ ਬੋਝ ਵੋਟ ਨਹੀਂ ਦਿੰਦਾ। ਇਸ ਲਈ ਇਸ ਦੀ ਕੋਈ ਗੱਲ ਨਹੀਂ ਕਰਨਾ ਚਾਹੁੰਦਾ, ਲੋਕਾਂ ਦਾ ਧਿਆਨ ਵੀ ਹੋਰ ਪਾਸੇ ਲਾਇਆ ਜਾ ਰਿਹਾ ਹੈ।

ਪਾਣੀਆਂ ਦਾ ਮੁੱਦਾ ਸਿਰਫ਼ ਸਿਆਸੀ ਰੋਟੀਆਂ ਸੇਕਣ ਤੱਕ ਸੀਮਤ-ਅਸਲ 'ਚ ਪਾਣੀ ਦਾ ਮੁੱਦਾ ਤਾਂ ਜਦੋਂ ਬਿਲਕੁਲ ਨਹੀਂ ਸਰਦਾ ਤਾਂ ਬਸ ਹਰ ਨੇਤਾ ਇਹ ਕਹਿੰਦਾ ਹੈ ਕਿ ਅਸੀਂ ਪਾਣੀ ਦੀ ਬੂੰਦ ਨਹੀਂ ਜਾਣ ਦੇਵਾਂਗੇ। ਪਰ ਅਸਲ ਵਿਚ ਅੰਦਰਖਾਤੇ ਸਭ ਕੁਝ ਹੋਈ ਜਾਂਦਾ ਹੈ। ਬੀ.ਬੀ.ਐਮ.ਬੀ. ਦਾ ਕੰਟਰੋਲ ਰਾਜ ਹੱਥੋਂ ਗਿਆ, ਕੇਂਦਰ ਦੂਜੇ ਸੂਬਿਆਂ ਨੂੰ ਤਰਜੀਹ ਦਿੰਦਾ ਹੈ। ਪੰਜਾਬ ਦੇ ਸਿਆਸਤਦਾਨ ਇਸ 'ਤੇ ਉਦੋਂ ਬੋਲਦੇ ਨਜ਼ਰ ਆਉਂਦੇ ਹਨ, ਕਿਸਾਨ ਇਸ ਪਿੱਛੇ ਰੌਲਾ ਪਾਉਂਦੇ ਹਨ। ਨਹਿਰੀ ਪਾਣੀਆਂ ਦੀ ਮੁੜ ਵੰਡ 'ਤੇ ਤਾਂ ਸਿਆਸੀ ਬਹਿਸ ਤਕਰੀਬਨ ਖ਼ਤਮ ਹੀ ਹੋ ਗਈ ਹੈ। ਇਥੋਂ ਤੱਕ ਵੋਟਾਂ ਖ਼ਾਤਰ ਜੋ ਥੋੜ੍ਹਾ ਬਹੁਤ ਹੇਠਲੇ ਪਾਣੀ ਦੇ ਸੁਧਾਰ ਲਈ ਕੋਸ਼ਿਸ਼ਾਂ ਕੀਤੀਆਂ ਸਨ, ਯਾਨੀ ਝੋਨੇ ਦੀ ਲਵਾਈ ਲੇਟ ਕਰਨਾ ਵੋਟਾਂ ਖਾਤਿਰ ਉਨ੍ਹਾਂ 'ਤੇ ਵੀ ਪੂੰਝਾ ਫਿਰ ਗਿਆ, ਭਾਵੇਂ ਰਿਪੋਰਟਾਂ ਕਹੀ ਜਾਣ ਕਿ 150 ਬਲਾਕਾਂ ਦੇ ਹੇਠਲੇ ਪਾਣੀ ਦਾ ਪੱਧਰ ਡਾਰਕ ਜ਼ੋਨ ਵਿਚ ਆ ਚੁੱਕਾ ਹੈ। ਸਰਕਾਰ ਤਰਕ ਦਿੰਦੀ ਹੈ ਕਿ ਹੁਣ ਥੋੜ੍ਹਾ ਪਾਣੀ ਉੱਚਾ ਹੋ ਗਿਆ, ਇਸ ਲਈ ਝੋਨੇ ਦੀ ਲਵਾਈ ਪਹਿਲਾਂ ਕਰ ਦਿੱਤੀ ਗਈ ਹੈ। ਇਹ ਉੱਚਾ ਹੋਇਆ ਤਾਂ ਚੰਗੀ ਗੱਲ ਹੈ ਪਰ ਕੀ ਅਸੀਂ ਪਾਣੀ ਦੇ ਸੰਕਟ ਤੋਂ ਉੱਭਰ ਆਏ ਹਾਂ? ਅਫਸੋਸ ਆਮ ਲੋਕ ਇਸ ਗੱਲ 'ਤੇ ਬੋਲਦੇ ਹੀ ਨਹੀਂ, ਜਿਵੇਂ ਇਹ ਮਸਲਾ ਉਨ੍ਹਾਂ ਦਾ ਹੈ ਹੀ ਨਹੀਂ।

ਸਿੱਖਿਆ ਤੇ ਬੇਰੁਜ਼ਗਾਰੀ-ਹਰ ਕੋਈ ਇਹ ਅੰਕੜੇ ਦਿੰਦਾ ਹੈ ਕਿ ਅਸੀਂ ਕਿੰਨੀਆਂ ਨੌਕਰੀਆਂ ਦਿੱਤੀਆਂ ਪਰ ਕੋਈ ਇਹ ਨਹੀਂ ਦੱਸਦਾ ਕਿ ਕਿੰਨੇ ਬੇਰੋਜ਼ਗਾਰਾਂ 'ਚੋਂ ਕਿੰਨਿਆਂ ਨੂੰ ਨੌਕਰੀ ਮਿਲੀ। ਫੇਰ ਇਹ ਵੀ ਸਵਾਲ ਹੈ ਕਿ ਕੀ ਦਿੱਤੀ ਗਈ ਨੌਕਰੀ ਉਸ ਦੇ ਘਰ ਦਾ ਚੁੱਲ੍ਹਾ ਚਲਾਉਣ ਦੇ ਸਮਰੱਥ ਹੈ? ਇੱਥੇ ਅੰਕੜਿਆਂ ਨਾਲ ਮੇਲ ਨਾ ਖਾਣ ਵਾਲੀ ਗੱਲ ਹੈ ਕਿ ਆਟਾ-ਦਾਲ ਤੋਂ ਅੱਗੇ 33 ਲੱਖ ਪਰਿਵਾਰਾਂ ਨੂੰ ਰਸੋਈ ਦੇ ਸਾਮਾਨ ਦੀਆਂ ਕਿੱਟਾਂ ਵੰਡੀਆਂ ਗਈਆਂ। ਜੇ ਉਨ੍ਹਾਂ ਕੋਲ ਵਧੀਆ ਨੌਕਰੀ ਜਾਂ ਕਾਰੋਬਾਰ ਹੁੰਦਾ, ਫਿਰ ਮੁਫ਼ਤ ਚੀਜ਼ਾਂ ਦੀ ਕਿਸ ਨੂੰ ਲੋੜ ਹੋਣੀ ਸੀ? ਸਿੱਖਿਆ 'ਤੇ ਤਾਂ ਕੋਈ ਬੋਲਦਾ ਹੀ ਨਹੀਂ। ਪੁਰਾਣੀ ਗੱਲ ਨਾ ਕਰੀਏ, ਕੇਂਦਰ ਸਰਕਾਰ ਦਸੰਬਰ 2025 ਵਿਚ ਨਵਾਂ ਸਿੱਖਿਆ ਬਿੱਲ 2025 ਲੈ ਕੇ ਆਈ ਪਰ ਸੰਸਦ ਵਿਚ ਵਿਰੋਧ ਹੋਇਆ ਤਾਂ ਸੰਸਦੀ ਕਮੇਟੀ ਨੂੰ ਭੇਜ ਦਿੱਤਾ ਗਿਆ। ਪੰਜਾਬ 'ਚ ਇਸ ਦਾ ਜ਼ਿਕਰ ਵੀ ਨਹੀਂ ਹੋਇਆ ਅਤੇ ਜੂਨ 2026 ਵਿਚ ਆ ਕੇ ਮੁੱਖ ਮੰਤਰੀ ਸਾਹਿਬ ਨੇ ਇਸ 'ਤੇ ਆਪਣੀ ਟਿੱਪਣੀ ਦਿੱਤੀ ਪਰ ਮੁੱਦਾ ਨਹੀਂ ਬਣਿਆ। ਅੱਜ ਵੀ ਬਹੁਤੇ ਸਿਆਸਤਦਾਨਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਹੋਣਾ। ਫਿਰ ਨਵੀਂ ਪੀੜ੍ਹੀ ਨੂੰ ਕਾਕਰੋਚ ਕਿਹਾ ਗਿਆ, ਜਿਸ ਦਾ ਵਿਰੋਧ ਭਾਰਤ ਵਿਚ ਦੇਖਣ ਨੂੰ ਮਿਲਿਆ, ਖ਼ਾਸ ਕਰਕੇ ਦਿੱਲੀ ਜੰਤਰ ਮੰਤਰ 'ਤੇ ਪਰ ਪੰਜਾਬ ਵਿਚ ਇਸ ਮੁੱਦੇ ਦੀ ਬਹੁਤੀ ਚਰਚਾ ਨਹੀਂ ਹੋਈ। ਹਾਲਾਂਕਿ ਕਾਂਗਰਸ ਪਾਰਟੀ ਨੂੰ ਹਾਈਕਮਾਨ ਨੇ ਆਦੇਸ਼ ਦਿੱਤਾ ਕਿ ਇਸ ਮੁੱਦੇ 'ਤੇ ਧਰਨੇ ਲਾਓ। ਅਫਸੋਸ ਕਿ ਸਿਆਸਤਦਾਨ ਆਪਣੀ ਖਿੱਚੋਤਾਣ ਵਿਚ ਲੋਕਾਂ ਦਾ ਨੁਕਸਾਨ ਕਰੀ ਜਾਂਦੇ ਹਨ। ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਵਿਰੁੱਧ ਵਿਦਿਆਰਥੀ ਉੱਠ ਕੇ ਖੜ੍ਹੇ ਹੋਏ ਅਤੇ ਅੰਦੋਲਨ ਹੋਇਆ, ਫਿਰ ਸਿਆਸਤਦਾਨਾਂ ਨੂੰ ਲੱਗਿਆ ਕਿ ਹੁਣ ਤਾਂ ਜਾਣਾ ਹੀ ਪੈਣਾ ਹੈ, ਫਿਰ ਸਾਰੇ ਹੌਲੀ-ਹੌਲੀ ਹਾਜ਼ਰੀ ਲਵਾਉਣ ਭੱਜੇ। ਲੋਕ ਇਥੇ ਕਿਸੇ ਸੁਧਾਰ ਦੀ ਉਮੀਦ ਛੱਡ ਕੇ ਬੱਚਿਆਂ ਨੂੰ ਬਾਹਰ ਕੱਢਣ ਵਿਚ ਲੱਗੇ ਹੋਏ ਹਨ। ਇਸ ਕਰਕੇ ਕਿਸੇ ਨੂੰ ਪੰਜਾਬ ਦੀ ਪ੍ਰਵਾਹ ਨਹੀਂ। ਸਿਆਸਤਦਾਨਾਂ ਦੇ ਬੱਚੇ ਤਾਂ ਪਹਿਲਾਂ ਹੀ ਬਾਹਰ ਹਨ। ਆਮ ਲੋਕਾਂ ਨੂੰ ਮੁਫ਼ਤਖੋਰੀ 'ਚ ਉਲਝਾ ਰੱਖਿਆ ਹੈ। ਜੇ ਲੋਕ ਚੰਗਾ ਪੜ੍ਹ-ਲਿਖ ਗਏ ਤਾਂ ਉਹ ਰੁਜ਼ਗਾਰੀ ਬਾਰੇ ਸੋਚਣਗੇ ਤੇ ਫਿਰ ਸਰਕਾਰ ਸਾਹਮਣੇ ਹੋਰ ਸਵਾਲ ਖੜ੍ਹੇ ਹੋਣਗੇ। ਕੁੱਲ ਮਿਲਾ ਕੇ ਨਿੱਜੀਕਰਨ ਅਤੇ ਸਿਆਸਤ ਨੇ ਸਾਡੀ ਸਿੱਖਿਆ ਪ੍ਰਣਾਲੀ ਦਾ ਭੱਠਾ ਬਿਠਾਇਆ ਹੋਇਆ ਹੈ।

ਨਸ਼ਾ, ਮਾਈਨਿੰਗ, ਪ੍ਰਵਾਸ ਬਹੁਤ ਧਿਆਨ ਆਕਰਸ਼ਤ ਕਰਦੇ ਹਨ, ਇਨ੍ਹਾਂ ਬਾਰੇ ਬਹੁਤ ਕੁਝ ਪ੍ਰਚਾਰਿਆ ਜਾਂਦਾ ਹੈ। ਇੱਥੋਂ ਤੱਕ ਕਿ ਹਰ ਸਰਕਾਰ ਨਸ਼ਿਆਂ ਦੀ ਤਸਕਰੀ ਤੇ ਨਾਜਾਇਜ਼ ਮਾਈਨਿੰਗ ਨੂੰ ਖ਼ਤਮ ਕਰਨ ਲਈ ਗੱਲ ਕਰਦੀ ਨਜ਼ਰ ਆਉਂਦੀ ਹੈ। ਪਰ ਅਸਲੀਅਤ ਵਿਚ ਜੋ ਦਿਖਦਾ ਹੈ, ਉਹ ਹੁੰਦਾ ਨਹੀਂ ਅਤੇ ਨੀਅਤ ਠੀਕ ਹੋਣ ਦੇ ਬਾਵਜੂਦ ਇਨ੍ਹਾਂ ਰੁਝਾਨਾਂ ਨੂੰ ਠੱਲ੍ਹ ਨਹੀਂ ਪੈ ਰਹੀ, ਸਭ ਕੁਝ ਵਧਦਾ ਜਾਂਦਾ ਹੈ।

ਪਾਰਟੀਆਂ ਲੜਾਈ 'ਚ ਕਿਉਂ ਰੁਝੀਆਂ-ਇਸ ਦਾ ਜਵਾਬ ਕੋਈ ਗੁੰਝਲਦਾਰ ਨਹੀਂ, ਕੁਰਸੀ ਦੀ ਲੜਾਈ ਰੋਜ਼ ਦੀ ਖ਼ਬਰ ਬਣਦੀ ਹੈ। ਕਰਜ਼ੇ, ਪਾਣੀ ਜਾਂ ਸਿੱਖਿਆ ਦੀਆਂ ਗੱਲਾਂ ਕਈ ਸਾਲਾਂ ਬਾਅਦ ਨਤੀਜਾ ਦਿੰਦੀਆਂ ਹਨ। ਕਿਸੇ ਵੀ ਧਿਰ ਲਈ ਵਿਰੋਧੀ 'ਤੇ ਦੋਸ਼ ਲਾਉਣੇ, ਕਰਜ਼ੇ ਦਾ ਲੇਖਾ-ਜੋਖਾ ਕਰਨਾ ਜਾਂ ਪਾਣੀ ਬਚਾਉਣ ਲਈ ਸਖ਼ਤ ਨੀਤੀ ਲਿਆਉਣ ਨਾਲੋਂ ਕਿਤੇ ਸੌਖਾ ਕੰਮ ਹੈ। ਅੰਦਰੂਨੀ ਕਲੇਸ਼ ਨਾਲ ਸੁਰਖੀਆਂ 'ਚ ਰਹਿਣਾ ਸੌਖਾ ਤਰੀਕਾ ਹੈ, ਭਾਵੇਂ ਉਸ ਵਿਚੋਂ ਆਪਣਾ ਖਾਲੀ ਅਤੇ ਖੋਖਲਾਪਣ ਹੀ ਕਿਉਂ ਨਾ ਝਲਕੇ, ਜਦਕਿ ਮੁੱਦਿਆਂ 'ਤੇ ਕੰਮ ਕਰਨ ਲਈ ਸਖ਼ਤ ਫ਼ੈਸਲੇ, ਲੰਬੀ ਯੋਜਨਾਬੰਦੀ ਅਤੇ ਕਈ ਵਾਰ ਵੋਟਰਾਂ ਨੂੰ ਨਾਰਾਜ਼ ਕਰਨ ਦਾ ਜੋਖਮ ਵੀ ਚੁੱਕਣਾ ਪੈਂਦਾ ਹੈ¢ ਕੋਈ ਵੀ ਧਿਰ ਇਹ ਜੋਖਮ ਚੁੱਕਣ ਲਈ ਤਿਆਰ ਨਹੀਂ, ਇਸ ਲਈ ਸੌਖਾ ਰਸਤਾ ਇਹ ਹੀ ਬਚਦਾ ਹੈ ਕਿ ਧਿਆਨ ਕੁਰਸੀ ਵੱਲ ਮੋੜ ਦਿੱਤਾ ਜਾਵੇ।

ਲੋਕਾਂ ਦੀ ਵਾਰੀ-ਇੱਥੇ ਜ਼ਿੰਮੇਵਾਰੀ ਸਿਰਫ਼ ਪਾਰਟੀਆਂ ਦੀ ਨਹੀਂ, ਜੇ ਹਰ ਚੋਣ ਰੈਲੀ 'ਚ ਲੋਕ ਖ਼ੁਦ ਕਰਜ਼ੇ, ਪਾਣੀ, ਨੌਕਰੀ ਸਿੱਖਿਆ ਆਦਿ ਤੇ ਇਲਾਜ ਦੇ ਢਾਂਚੇ ਬਾਰੇ ਸਵਾਲ ਪੁੱਛਣ ਤਾਂ ਫਿਰ ਪਾਰਟੀਆਂ ਦਾ ਧਿਆਨ ਵੀ ਆਪਣੇ-ਆਪ ਉਧਰ ਮੁੜ ਜਾਵੇਗਾ¢ ਮੀਡੀਆ ਦੀ ਭੂਮਿਕਾ ਵੀ ਇਥੇ ਅਹਿਮ ਹੈ, ਧੜੇਬੰਦੀ ਦੀ ਖ਼ਬਰ ਵਿਕਦੀ ਹੈ ਪਰ ਕਰਜ਼ੇ ਦੇ ਅੰਕੜੇ ਵੀ ਓਨੀ ਹੀ ਥਾਂ ਘੇਰਦੇ ਹਨ¢ 2027 ਦੀਆਂ ਚੋਣਾਂ ਅਸਲ ਵਿਚ ਇਸ ਗੱਲ ਦਾ ਇਮਤਿਹਾਨ ਹੋਣਗੀਆਂ ਕਿ ਪੰਜਾਬ ਦਾ ਵੋਟਰ ਕੁਰਸੀ ਦੀ ਖੇਡ ਤੋਂ ਧਿਆਨ ਹਟਾ ਕੇ ਆਪਣੇ ਅਸਲ ਸਵਾਲ ਪੁੱਛਣ ਲਈ ਕਿੰਨਾ ਕੁ ਤਿਆਰ ਹੈ? ਜੇ ਇਹ ਸਵਾਲ ਹੁਣ ਨਹੀਂ ਪੁੱਛੇ ਤਾਂ ਅਗਲੀ ਸਰਕਾਰ ਵੀ ਉਹੀ ਪੁਰਾਣੇ ਕਰਜ਼ੇ ਅਤੇ ਨਸ਼ੇ ਵਿਰਸੇ ਵਿਚ ਮਿਲੇ ਹੋਣ ਦਾ ਮਾਤਮ ਕਰਨ ਬੈਠ ਜਾਵੇਗੀ, ਬਸ ਕੁਰਸੀ ਅਤੇ ਚਿਹਰਾ ਬਦਲ ਜਾਵੇਗਾ।

**ਡਾ. ਅਮਨਪ੍ਰੀਤ ਸਿੰਘ ਬਰਾੜ**

STAR AUTOBODY



**SPECIALIZE**

- All vehicles any make or model
- Commercial Trucks, any make or model

**CERTIFIED**

- ICBC CARSHOP Valet Express Shop with certified technicians and equipment
- ICBC Claims
- Private Insurance Companies

**SERVICE**

Open Monday-Saturday - 8:30AM - 5 PM

- Courtesy Cars
- Vehicle pick-up and drop-off

*We handle private insurance claims:*

family INSURANCE | intact INSURANCE | economical INSURANCE

**604-597-5151**

*8277-124th St., Surrey, BC V3W 9G2*

*Ph: 604-597-5151 / Fax: 604-597-5195*

*www.startautobody.net*

# ਪਾਕਿ 'ਚ ਮਿਟਾਈ ਜਾ ਰਹੀ ਧਾਰਮਿਕ ਵਿਰਾਸਤ

ਕੁਝ ਹੀ ਦਿਨ ਪਹਿਲਾਂ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਮੰਡੀ ਚੂੜਕਾਣਾ ਵਿਖੇ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸਿੰਘ ਸਭਾ ਨੂੰ ਸਥਾਨਕ ਪ੍ਰਸ਼ਾਸਨ ਅਤੇ ਭੂ-ਮਾਫ਼ੀਆ ਦੀ ਕਥਿਤ ਮਿਲੀਭੁਗਤ ਨਾਲ ਢਾਹੇ ਜਾਣ ਦੀ ਖ਼ਬਰ ਸਾਹਮਣੇ ਆਈ ਸੀ। ਇਸ ਮਾਮਲੇ ਦੀ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਬਲੋਚਿਸਤਾਨ ਦੀ ਰਾਜਧਾਨੀ ਕਵੇਟਾ ਵਿਚ ਲਗਪਗ 200 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੂੰ ਢਾਹ ਕੇ ਉਸ ਦੀ ਥਾਂ ਕਮਰਸ਼ੀਅਲ ਸ਼ਾਪਿੰਗ ਮਾਲ ਬਣਾਉਣ ਦੀ ਖ਼ਬਰ ਆ ਗਈ। ਹੁਣ ਇਸੇ ਕੜੀ ਵਿਚ ਪੰਜਾਬ ਸੂਬੇ ਦੇ ਨਾਰੋਵਾਲ ਜ਼ਿਲ੍ਹੇ ਦੇ ਸਿਰਜਾ ਪਿੰਡ ਵਿਚ ਸਵਾ ਸੌ ਸਾਲ ਤੋਂ ਵੱਧ ਪੁਰਾਣੇ ਹਿੰਦੂ ਮੰਦਰ ਨੂੰ ਢਾਹੇ ਜਾਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇਹ ਘਟਨਾਵਾਂ ਸਿਰਫ਼ ਤਿੰਨ ਇਮਾਰਤਾਂ ਦੇ ਢਹਿਣ ਦੀਆਂ ਘਟਨਾਵਾਂ ਨਹੀਂ ਹਨ। ਇਹ ਉਸ ਵੱਡੇ ਸਵਾਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਪਾਕਿਸਤਾਨ ਵਿਚ ਹਿੰਦੂਆਂ, ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਦੀ ਹੋਂਦ ਅਤੇ ਉਨ੍ਹਾਂ ਦੀ ਧਾਰਮਿਕ ਤੇ ਇਤਿਹਾਸਕ ਵਿਰਾਸਤ ਕਿੰਨੀ ਸੁਰੱਖਿਅਤ ਹੈ?ਕਿਸੇ ਵੀ ਦੇਸ਼ ਦੀ ਘੱਟ ਗਿਣਤੀ ਨੀਤੀ ਦੀ ਪਰਖ ਸਿਰਫ਼ ਸੰਵਿਧਾਨ ਦੀਆਂ ਧਾਰਾਵਾਂ ਨਾਲ ਨਹੀਂ ਹੁੰਦੀ। ਇਸ ਦੀ ਅਸਲ ਪਰਖ ਇਸ ਗੱਲ ਤੋਂ ਹੁੰਦੀ ਹੈ ਕਿ ਉਸ ਦੇਸ਼ ਦਾ ਆਮ ਘੱਟ ਗਿਣਤੀ ਨਾਗਰਿਕ ਆਪਣੇ ਧਰਮ, ਧਾਰਮਿਕ ਅਸਥਾਨਾਂ, ਜਾਇਦਾਦ ਅਤੇ ਪਛਾਣ ਨੂੰ ਕਿੰਨਾ ਸੁਰੱਖਿਅਤ ਮਹਿਸੂਸ ਕਰਦਾ ਹੈ। ਪਾਕਿਸਤਾਨ ਦਾ ਸੰਵਿਧਾਨ ਗ਼ੈਰ-ਮੁਸਲਮਾਨ ਨਾਗਰਿਕਾਂ ਨੂੰ ਧਾਰਮਿਕ ਆਜ਼ਾਦੀ ਅਤੇ ਆਪਣੇ ਧਰਮ ਅਨੁਸਾਰ ਜੀਵਨ ਬਤੀਤ ਕਰਨ ਦੇ ਅਧਿਕਾਰ ਦੀ ਗੱਲ ਕਰਦਾ ਹੈ ਪਰ ਜ਼ਮੀਨੀ ਹਕੀਕਤ ਕਈ ਵਾਰ ਇਨ੍ਹਾਂ ਸੰਵਿਧਾਨਕ ਗਾਰੰਟੀਆਂ ਨਾਲ ਮੇਲ ਨਹੀਂ ਖਾਂਦੀ। ਖ਼ਾਸ ਤੌਰ 'ਤੇ ਨਾਬਾਲਗ ਹਿੰਦੂ ਅਤੇ ਸਿੱਖ ਲੜਕੀਆਂ ਦੇ ਅਗਵਾ, ਜ਼ਬਰਦਸਤੀ ਧਰਮ ਪਰਿਵਰਤਨ, ਵਿਆਹ ਲਈ ਮਜਬੂਰ ਕਰਨ ਅਤੇ ਧਾਰਮਿਕ ਅਸਥਾਨਾਂ ਤੇ ਜਾਇਦਾਦਾਂ 'ਤੇ ਕਬਜ਼ਿਆਂ ਸਬੰਧੀ ਲੰਬੇ ਸਮੇਂ ਤੋਂ ਉੱਠ ਰਹੀਆਂ ਸ਼ਿਕਾਇਤਾਂ ਗੰਭੀਰ ਚਿੰਤਾ ਦਾ ਵਿਸ਼ਾ ਹਨ।

ਧਾਰਮਿਕ ਅਸਥਾਨਾਂ ਦੀ ਸੁਰੱਖਿਆ ਦਾ ਇਕ ਵੱਡਾ ਪੱਖ ਉਨ੍ਹਾਂ ਨਾਲ ਜੁੜੀ ਜ਼ਮੀਨ ਹੈ। ਜੇ ਮੰਦਰ ਜਾਂ ਗੁਰਦੁਆਰੇ ਦੀ ਇਮਾਰਤ ਬਚ ਵੀ ਜਾਵੇ ਪਰ ਉਸ ਦੀ ਜ਼ਮੀਨ 'ਤੇ ਕਬਜ਼ਾ ਹੋ ਜਾਵੇ ਤਾਂ ਕੁਝ ਸਮੇਂ ਬਾਅਦ ਉਸ ਧਾਰਮਿਕ ਅਸਥਾਨ ਦੀ ਹੋਂਦ ਆਪਣੇ ਆਪ ਖ਼ਤਰੇ ਵਿਚ ਪੈ ਜਾਂਦੀ ਹੈ।

ਦੇਸ਼ ਵੰਡ ਤੋਂ ਬਾਅਦ ਵੱਡੀ ਗਿਣਤੀ ਵਿਚ ਹਿੰਦੂ ਤੇ ਸਿੱਖ ਭਾਰਤ ਆ ਗਏ ਤੇ ਪਾਕਿਸਤਾਨ 'ਚ ਉਨ੍ਹਾਂ ਵੱਲੋਂ ਛੱਡੇ ਗਏ ਮੰਦਰਾਂ, ਗੁਰਦੁਆਰਿਆਂ ਅਤੇ ਹੋਰ ਜਾਇਦਾਦਾਂ ਦੀ ਸੰਭਾਲ ਲਈ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਦੀ ਵਿਵਸਥਾ ਕੀਤੀ ਗਈ। ਭਾਰਤ-ਪਾਕਿਸਤਾਨ ਦਰਮਿਆਨ ਹੋਏ ਸਮਝੌਤਿਆਂ ਤੇ ਬਾਅਦ ਦੇ ਕਾਨੂੰਨੀ ਪ੍ਰਬੰਧਾਂ ਦਾ ਮਕਸਦ ਵੀ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਅਤੇ ਜਾਇਦਾਦਾਂ ਦੀ ਰੱਖਿਆ ਤੇ ਉਨ੍ਹਾਂ ਦਾ ਢੁੱਕਵਾਂ ਪ੍ਰਬੰਧ ਕਰਨਾ ਸੀ।

ਇਸ ਲਈ ਸਵਾਲ ਸਿਰਫ਼ ਇਹ ਨਹੀਂ ਕਿ ਪਾਕਿਸਤਾਨ ਵਿਚ ਕਿੰਨੇ ਮੰਦਰ ਜਾਂ ਗੁਰਦੁਆਰੇ ਹਨ। ਸਵਾਲ ਇਹ ਵੀ ਹੈ ਕਿ ਉਨ੍ਹਾਂ ਦੀ ਜ਼ਮੀਨ ਕਿਸ ਦੇ ਨਾਂ ਹੈ? ਮਾਲਕੀ ਦਾ ਰਿਕਾਰਡ ਕਿੱਥੇ ਹੈ? ਜ਼ਮੀਨ ਤੋਂ ਹੋਣ ਵਾਲੀ ਆਮਦਨ ਕਿੱਥੇ ਖ਼ਰਚ ਹੁੰਦੀ ਹੈ? ਧਾਰਮਿਕ ਅਸਥਾਨਾਂ ਦੀ ਸੁਰੱਖਿਆ ਕੌਣ ਕਰਦਾ ਹੈ? ਤੇ ਜੇ ਕਿਸੇ ਜਾਇਦਾਦ 'ਤੇ ਨਾਜਾਇਜ਼ ਕਬਜ਼ਾ ਹੋ ਜਾਵੇ ਤਾਂ ਉਸ ਨੂੰ ਹਟਾਉਣ ਦੀ ਜ਼ਿੰਮੇਵਾਰੀ ਕਿਸ ਦੀ ਹੈ? ਸਰਕਾਰੀ ਅੰਕੜਿਆਂ ਅਨੁਸਾਰ ਪਾਕਿਸਤਾਨ ਵਿਚ 14 ਕਾਰਜਸ਼ੀਲ ਅਤੇ 266 ਗ਼ੈਰ-ਕਾਰਜਸ਼ੀਲ ਹਿੰਦੂ ਮੰਦਰਾਂ ਅਤੇ 21 ਕਾਰਜਸ਼ੀਲ ਤੇ 51 ਗ਼ੈਰ-ਕਾਰਜਸ਼ੀਲ ਗੁਰਦੁਆਰੇ ਹਨ ਜਦਕਿ ਵਿਆਪਕ ਰਿਕਾਰਡਾਂ ਵਿਚ ਲਗਭਗ 1130 ਹਿੰਦੂ ਮੰਦਰਾਂ ਅਤੇ 517 ਗੁਰਦੁਆਰਿਆਂ ਦੀ ਗਿਣਤੀ ਦੱਸੀ ਜਾਂਦੀ ਹੈ। ਇਨ੍ਹਾਂ ਨਾਲ 1,09,404 ਏਕੜ ਵਾਹੀਯੋਗ ਜ਼ਮੀਨ ਅਤੇ 46,499 ਸ਼ਹਿਰੀ ਯੂਨਿਟਾਂ ਮੌਜੂਦ ਹਨ। ਇਨ੍ਹਾਂ ਤੋਂ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਨੂੰ ਲਗਪਗ 650 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੁੰਦੀ ਹੈ। ਜੇ ਇੰਨੀ ਵੱਡੀ ਜਾਇਦਾਦ ਤੇ ਆਮਦਨ ਦੇ ਬਾਵਜੂਦ ਕੇਵਲ 14 ਮੰਦਰ ਤੇ 21 ਗੁਰਦੁਆਰੇ ਹੀ ਕਾਰਜਸ਼ੀਲ ਹਨ ਅਤੇ ਬਹੁਤ ਸਾਰੇ ਇਤਿਹਾਸਕ ਧਾਰਮਿਕ ਅਸਥਾਨ ਢਹਿ ਰਹੇ ਹਨ, ਬੰਦ ਪਏ ਹਨ ਜਾਂ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਕਬਜ਼ਿਆਂ ਦੇ ਦੋਸ਼ ਲੱਗ ਰਹੇ ਹਨ ਤਾਂ ਇਹ ਜਵਾਬਦੇਹੀ ਦਾ ਗੰਭੀਰ ਸਵਾਲ ਹੈ। ਆਜ਼ਾਦੀ ਤੋਂ ਪਹਿਲਾਂ ਮੁਹੰਮਦ ਅਲੀ ਜਿਨਾਹ ਨੇ ਇਹ ਵਿਸ਼ਵਾਸ ਦਿਵਾਇਆ ਸੀ ਕਿ ਪਾਕਿਸਤਾਨ ਵਿਚ ਲੋਕ ਆਪੋ-ਆਪਣੇ ਧਾਰਮਿਕ ਅਸਥਾਨਾਂ ਵਿਚ ਜਾਣ ਲਈ ਆਜ਼ਾਦ ਹੋਣਗੇ। ਅੱਜ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਨਾਲ ਵਾਪਰ ਰਹੀਆਂ ਘਟਨਾਵਾਂ ਇਸ ਵਚਨਬੱਧਤਾ ਦੀ ਭਾਵਨਾ 'ਤੇ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ।

ਪਾਕਿਸਤਾਨ ਵਿਚ ਮੰਦਰਾਂ ਦੀ ਭੰਨ-ਤੋੜ ਅਤੇ ਬੇਅਦਬੀ ਦੀਆਂ ਕਈ ਘਟਨਾਵਾਂ ਪਹਿਲਾਂ ਵੀ ਸਾਹਮਣੇ ਆ ਚੁੱਕੀਆਂ ਹਨ। ਸੰਨ 2014 ਵਿਚ ਡੇਰਾ ਇਸਮਾਈਲ ਖ਼ਾਨ ਵਿਚ ਇਤਿਹਾਸਕ ਕਾਲੀ ਬਾਰੀ ਮੰਦਰ ਨੂੰ ਤਾਜ ਹੋਟਲ ਵਜੋਂ ਬਦਲਣ ਅਤੇ ਹਿੰਦੂ ਸ਼ਮਸ਼ਾਨਘਾਟ ਦੀ ਜ਼ਮੀਨ 'ਤੇ ਕਥਿਤ ਕਬਜ਼ੇ ਦੇ ਮਾਮਲੇ ਸਾਹਮਣੇ ਆਏ। ਸੰਨ 2017 ਵਿਚ ਪਾਕਿਸਤਾਨ ਦੀ ਸੁਪਰੀਮ ਕੋਰਟ ਵਿਚ ਕਟਾਸ ਰਾਜ ਮੰਦਰਾਂ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਦੌਰਾਨ ਮੂਰਤੀਆਂ ਦੇ ਗਾਇਬ ਹੋਣ ਤੇ ਮੰਦਰ ਪ੍ਰਬੰਧਨ ਨਾਲ ਜੁੜੇ ਗੰਭੀਰ ਸਵਾਲ ਉੱਠੇ।

2020 ਵਿਚ ਬਾਦਿਨ ਅਤੇ ਨਾਗਰਪਾਰਕਰ ਸਮੇਤ ਵੱਖ-ਵੱਖ ਥਾਵਾਂ 'ਤੇ ਮੰਦਰਾਂ ਦੀ ਤੋੜ-ਫੋੜ ਅਤੇ ਮੂਰਤੀਆਂ ਖੰਡਿਤ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ। ਸਿੰਧ ਦੇ ਖਿਪਰੋ ਵਿਚ ਕ੍ਰਿਸ਼ਨ ਜਨਮ ਅਸ਼ਟਮੀ ਮਨਾ ਰਹੇ ਹਿੰਦੂ ਸ਼ਰਧਾਲੂਆਂ 'ਤੇ ਹਮਲਾ ਅਤੇ ਮੰਦਰ ਦੀ ਭੰਨ-ਤੋੜ, ਜਦਕਿ ਪੰਜਾਬ ਦੇ ਭੋਂਗ, ਜ਼ਿਲ੍ਹਾ ਰਹੀਮ ਯਾਰ ਖ਼ਾਨ ਵਿਚ ਗਣੇਸ਼ ਮੰਦਰ 'ਤੇ ਹਿੰਸਕ ਭੀੜ ਵੱਲੋਂ ਹਮਲਾ ਵੀ ਚਰਚਾ ਵਿਚ ਰਿਹਾ। ਖ਼ੈਬਰ ਪਖ਼ਤੂਨਖ਼ਵਾ ਦੇ ਕਰਕ ਜ਼ਿਲ੍ਹੇ ਦੇ ਟੇਰੀ ਪਿੰਡ 'ਚ ਵੀ ਮੰਦਰ ਦੀ ਭੰਨ-ਤੋੜ ਤੇ ਅੱਗਜ਼ਨੀ ਦੀ ਘਟਨਾ ਨੇ ਦੁਨੀਆ ਦਾ ਧਿਆਨ ਖਿੱਚਿਆ। ਇਨ੍ਹਾਂ ਘਟਨਾਵਾਂ ਤੋਂ ਇਲਾਵਾ ਲਾਹੌਰ ਦੇ ਜੈਨ ਮੰਦਰ, ਅਨਾਰਕਲੀ ਬਾਜ਼ਾਰ ਦੇ ਬੰਸੀਧਰ ਮੰਦਰ ਤੇ ਸ਼ੀਤਲਾ ਦੇਵੀ ਮੰਦਰ ਸਮੇਤ ਕਈ ਹੋਰ ਇਤਿਹਾਸਕ ਧਾਰਮਿਕ ਅਸਥਾਨਾਂ ਨੂੰ ਵੀ ਸਮੇਂ-ਸਮੇਂ 'ਤੇ ਨੁਕਸਾਨ ਪਹੁੰਚਣ ਦੀਆਂ ਰਿਪੋਰਟਾਂ ਆਈਆਂ ਹਨ। ਇਹ ਘਟਨਾਵਾਂ ਵੱਖ-ਵੱਖ ਸਮਿਆਂ ਤੇ ਥਾਵਾਂ 'ਤੇ ਵਾਪਰੀਆਂ ਹੋਣ ਦੇ ਬਾਵਜੂਦ ਇਕ ਸਾਂਝਾ ਸਵਾਲ ਜ਼ਰੂਰ ਛੱਡਦੀਆਂ ਹਨ-ਕੀ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਦੀ ਰੱਖਿਆ ਲਈ ਮੌਜੂਦਾ ਪ੍ਰਬੰਧ ਕਾਫ਼ੀ ਹਨ?

ਪਾਕਿਸਤਾਨ ਵਿਚ ਹਿੰਦੂ ਮੰਦਰਾਂ ਦੇ ਪ੍ਰਬੰਧਨ, ਪੂਜਾ-ਪਾਠ, ਵਿਦੇਸ਼ਾਂ ਤੋਂ ਆਉਣ ਵਾਲੇ ਹਿੰਦੂ ਸ਼ਰਧਾਲੂਆਂ ਦੀ ਯਾਤਰਾ, ਰਹਿਣ-ਸਹਿਣ ਅਤੇ ਸੁਰੱਖਿਆ ਆਦਿ ਲਈ ਦਸੰਬਰ 2021 ਵਿਚ ਪਾਕਿਸਤਾਨ ਹਿੰਦੂ ਮੰਦਰ ਪ੍ਰਬੰਧਕ ਕਮੇਟੀ ਬਣਾਈ ਗਈ ਸੀ। ਇਹ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਜ਼ 'ਤੇ ਈਟੀਪੀਬੀ ਅਧੀਨ ਕੀਤਾ ਗਿਆ। ਪਰ ਸਿਰਫ਼ ਕਮੇਟੀਆਂ ਬਣਾਉਣਾ ਕਾਫ਼ੀ ਨਹੀਂ। ਜਦ ਤੱਕ ਇਨ੍ਹਾਂ ਸੰਸਥਾਵਾਂ ਨੂੰ ਅਸਲ ਫ਼ੈਸਲਾ ਲੈਣ ਦੀ ਤਾਕਤ, ਪਾਰਦਰਸ਼ੀ ਵਿੱਤੀ ਪ੍ਰਬੰਧ ਅਤੇ ਆਪਣੀ ਵਿਰਾਸਤ ਦੀ ਰੱਖਿਆ ਲਈ ਪ੍ਰਭਾਵਸ਼ਾਲੀ ਅਧਿਕਾਰ ਨਹੀਂ ਮਿਲਦੇ, ਉਦੋਂ ਤੱਕ ਇਹ ਪ੍ਰਬੰਧ ਕਾਗਜ਼ੀ ਹੀ ਰਹਿਣ ਦਾ ਖ਼ਤਰਾ ਬਣਿਆ ਰਹੇਗਾ। ਪਾਕਿਸਤਾਨ ਨੂੰ ਇਹ ਸਮਝਣਾ ਹੋਵੇਗਾ ਕਿ ਇਕ ਮੰਦਰ ਨੂੰ ਢਾਹੁਣਾ ਕੁਝ ਘੰਟਿਆਂ ਦਾ ਕੰਮ ਹੋ ਸਕਦਾ ਹੈ ਪਰ ਉਸ ਨਾਲ ਜੁੜੀ ਧਰੋਹਰ ਤੇ ਇਤਿਹਾਸ ਸਦੀਆਂ ਵਿਚ ਬਣਦੇ ਹਨ। ਜੇ ਕਿਸੇ ਮੰਦਰ ਦੀ ਜਗ੍ਹਾ ਮਦਰੱਸਾ, ਦੁਕਾਨ, ਮਕਾਨ ਜਾਂ ਕੋਈ ਹੋਰ ਇਮਾਰਤ ਖੜ੍ਹੀ ਕਰ ਦਿੱਤੀ ਜਾਵੇ ਤਾਂ ਨਵੀਂ ਇਮਾਰਤ ਭਾਵੇਂ ਕਿੰਨੀ ਵੀ ਸੁੰਦਰ ਹੋਵੇ, ਮਿਟ ਚੁੱਕਿਆ ਇਤਿਹਾਸ ਵਾਪਸ ਨਹੀਂ ਆਉਂਦਾ। ਹਿੰਦੂ-ਸਿੱਖਾਂ ਨੂੰ ਕਾਫ਼ਰ ਮੰਨਣ ਵਾਲੇ ਇਸਲਾਮਿਕ ਕੱਟੜਪੰਥੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਧਰਮ ਦੇ ਨਾਂ 'ਤੇ ਕਿਸੇ ਹੋਰ ਧਰਮ ਦੀ ਵਿਰਾਸਤ ਨੂੰ ਮਿਟਾਉਣਾ ਨਾ ਧਰਮ ਦੀ ਜਿੱਤ ਹੈ ਅਤੇ ਨਾ ਹੀ ਰਾਜ ਦੀ ਤਾਕਤ। ਅਸਲ ਤਾਕਤ ਇਹ ਹੈ ਕਿ ਬਹੁ-ਗਿਣਤੀ ਸਮਾਜ ਆਪਣੇ ਨਾਲੋਂ ਕਮਜ਼ੋਰ ਸਮਝੇ ਜਾਂਦੇ ਭਾਈਚਾਰਿਆਂ ਦੇ ਹੱਕਾਂ ਦੀ ਵੀ ਉਸੇ ਤਰ੍ਹਾਂ ਰੱਖਿਆ ਕਰੇ, ਜਿਸ ਤਰ੍ਹਾਂ ਉਹ ਆਪਣੇ ਹੱਕਾਂ ਦੀ ਰੱਖਿਆ ਕਰਦਾ ਹੈ। ਸਰਹੱਦਾਂ ਇਤਿਹਾਸ ਨੂੰ ਨਹੀਂ ਮਿਟਾ ਸਕਦੀਆਂ। ਪਾਕਿਸਤਾਨ ਵਿਚ ਮੌਜੂਦ ਗੁਰਦੁਆਰੇ, ਮੰਦਰ ਅਤੇ ਹੋਰ ਧਾਰਮਿਕ ਅਸਥਾਨ ਕਿਸੇ 'ਦੁਸ਼ਮਣ ਦੀ ਜਾਇਦਾਦ' ਨਹੀਂ, ਸਗੋਂ ਉਸ ਧਰਤੀ ਦੇ ਬਹੁ-ਸੱਭਿਆਚਾਰਕ ਇਤਿਹਾਸ ਦੀਆਂ ਸਦੀਵੀ ਨਿਸ਼ਾਨੀਆਂ ਹਨ। ਇਨ੍ਹਾਂ ਦੀ ਰੱਖਿਆ ਕਿਸੇ ਭਾਈਚਾਰੇ 'ਤੇ ਅਹਿਸਾਨ ਨਹੀਂ, ਸਗੋਂ ਪਾਕਿਸਤਾਨ ਦੀ ਆਪਣੀ ਇਤਿਹਾਸਕ ਵਿਰਾਸਤ ਦੀ ਰੱਖਿਆ ਹੈ।

ਨਾਰੋਵਾਲ ਜ਼ਿਲ੍ਹੇ ਦੇ ਸਿਰਜਾ ਪਿੰਡ ਵਿਚ ਲਗਪਗ 1000 ਵਰਗ ਮੀਟਰ ਵਿਚ ਫੈਲਿਆ ਇਹ ਪੁਰਾਣਾ ਮੰਦਰ ਲਾਹੌਰ ਤੋਂ ਕਰੀਬ 130 ਕਿਲੋਮੀਟਰ ਦੂਰ ਹੈ। ਇਸ ਨਾਲ ਲੱਗਦੀ ਜ਼ਮੀਨ ਪਹਿਲਾਂ ਇਕ ਮਦਰੱਸੇ ਲਈ ਲੀਜ਼ 'ਤੇ ਦਿੱਤੀ ਗਈ ਸੀ। ਕਿਰਾਇਆ ਅਦਾ ਨਾ ਹੋਣ ਕਾਰਨ ਲੀਜ਼ ਰੱਦ ਕਰ ਦਿੱਤੀ ਗਈ ਪਰ ਇਸ ਦੇ ਬਾਵਜੂਦ ਉੱਥੇ ਨਾਜਾਇਜ਼ ਕਬਜ਼ਾ ਬਣਿਆ ਰਿਹਾ। ਹੁਣ ਮਦਰੱਸੇ ਦੇ ਵਿਸਥਾਰ ਲਈ ਮੰਦਰ ਦੀ ਜ਼ਮੀਨ ਨੂੰ ਸ਼ਾਮਲ ਕਰਨ ਦੇ ਉਦੇਸ਼ ਨਾਲ ਪਾਬੰਦੀਸ਼ੁਦਾ ਕੱਟੜਪੰਥੀ ਇਸਲਾਮੀ ਸੰਗਠਨ ਨਾਲ ਜੁੜੇ ਕੁਝ ਲੋਕਾਂ ਵੱਲੋਂ ਮੰਦਰ ਨੂੰ ਜਾਣਬੁੱਝ ਕੇ ਢਾਹ ਦਿੱਤਾ ਗਿਆ। ਹਾਲਾਂਕਿ ਪਾਕਿਸਤਾਨ ਦੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਨਾਲ ਜੁੜੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਮੰਦਰ ਭਾਰੀ ਮੀਂਹ ਕਾਰਨ ਢਹਿ ਗਿਆ। ਸਵਾਲ ਇਹ ਹੈ ਕਿ ਜੇ ਮੰਦਰ ਕੁਦਰਤੀ ਕਾਰਨਾਂ ਕਰਕੇ ਢਹਿਆ ਹੈ ਤਾਂ ਇਸ ਦੀ ਸੁਤੰਤਰ ਤਕਨੀਕੀ ਜਾਂਚ ਕਰਵਾਉਣ ਵਿਚ ਕੀ ਹਰਜ ਹੈ? ਤੇ ਜੇ ਇਹ ਜਾਣਬੁੱਝ ਕੇ ਢਾਹਿਆ ਗਿਆ ਹੈ ਤਾਂ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕਿਉਂ ਨਾ ਹੋਵੇ?

ਦੋਵੇਂ ਹਾਲਾਤ ਵਿਚ ਪਾਕਿਸਤਾਨ ਸਰਕਾਰ ਨੂੰ ਮੰਦਰ ਦੀ ਮੁੜ ਉਸਾਰੀ, ਉਸ ਦੀ ਇਤਿਹਾਸਕ ਵਿਰਾਸਤ ਦੀ ਸੰਭਾਲ ਅਤੇ ਜ਼ਮੀਨ ਦੀ ਕਾਨੂੰਨੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਇਸ ਦੇ ਨਾਲ ਮੰਦਰ ਦੀ ਜ਼ਮੀਨ ਦੀ ਮਾਲਕੀ, ਲੀਜ਼, ਕਬਜ਼ੇ ਅਤੇ ਰਿਕਾਰਡ ਨੂੰ ਜਨਤਕ ਕੀਤਾ ਜਾਵੇ। ਈਟੀਪੀਬੀ ਦੀਆਂ ਘੱਟ-ਗਿਣਤੀ ਧਾਰਮਿਕ ਜਾਇਦਾਦਾਂ ਦਾ ਸੁਤੰਤਰ ਆਡਿਟ ਕਰਵਾ ਕੇ ਨਾਜਾਇਜ਼ ਕਬਜ਼ਿਆਂ ਦੀ ਨਿਸ਼ਾਨਦੇਹੀ ਅਤੇ ਉਨ੍ਹਾਂ ਨੂੰ ਹਟਾਉਣ ਦੀ ਕਾਰਵਾਈ ਕੀਤੀ ਜਾਵੇ। ਇਤਿਹਾਸਕ ਮੰਦਰਾਂ ਤੇ ਗੁਰਦੁਆਰਿਆਂ ਦੀ ਵਿਗਿਆਨਕ ਸੰਭਾਲ ਲਈ ਵਿਸ਼ੇਸ਼ ਵਿਰਾਸਤੀ ਪ੍ਰਬੰਧ ਵੀ ਲਾਜ਼ਮੀ ਹਨ। ਕਿਉਂਕਿ ਹਿੰਦੂ ਮੰਦਰਾਂ ਨੂੰ ਬਚਾਉਣਾ ਸਿਰਫ਼ ਹਿੰਦੂ ਆਸਥਾ ਨੂੰ ਬਚਾਉਣਾ ਨਹੀਂ; ਇਹ ਇਤਿਹਾਸ ਨੂੰ ਬਚਾਉਣਾ ਹੈ, ਵਿਰਾਸਤ ਨੂੰ ਬਚਾਉਣਾ ਹੈ ਅਤੇ ਸਭ ਤੋਂ ਵੱਧ ਇਨਸਾਨੀਅਤ ਨੂੰ ਬਚਾਉਣਾ ਹੈ। ਇਕ ਆਖ਼ਰੀ ਗੱਲ, ਪਾਕਿਸਤਾਨ 'ਚ ਇਸਲਾਮ ਖ਼ਿਲਾਫ਼ ਈਸ਼ਨਿੰਦਾ ਲਈ ਤਾਂ ਮੌਤ ਦੀ ਸਜ਼ਾ ਮੁਕੱਰਰ ਹੈ ਪਰ ਗ਼ੈਰ ਇਸਲਾਮ ਜਾਂ ਮੰਦਰਾਂ ਦੇ ਹਮਲਾਵਰਾਂ ਖ਼ਿਲਾਫ਼ ਕਾਨੂੰਨ ਦੀ ਅਣਹੋਂਦ ਕਾਰਨ ਕੋਈ ਠੋਸ ਕਾਰਵਾਈ ਨਹੀਂ ਹੁੰਦੀ। ਡਰ ਤੇ ਸਹਿਮ ਦੇ ਸਾਏ ਹੇਠ ਜੀਅ ਰਹੇ ਹਿੰਦੂ-ਸਿੱਖ ਸਮਾਜ ਨੂੰ ਖਦੇੜਨ ਅਤੇ ਉਨ੍ਹਾਂ ਦੀ ਹਸਤੀ ਮਿਟਾਉਣ ਲਈ ਧਰਮ ਅਸਥਾਨਾਂ 'ਤੇ ਬੇਲਗਾਮ ਹੋ ਕੇ ਹਮਲੇ ਕਰਨ ਵਾਲੇ ਕੱਟੜਪੰਥੀਆਂ ਦੀ ਪੁਸ਼ਤ ਪਨਾਹੀ ਹਕੂਮਤ ਵੱਲੋਂ ਕੀਤੀ ਜਾ ਰਹੀ ਹੈ, ਕੀ ਇਹੀ ਨਵਾਂ ਪਾਕਿਸਤਾਨ ਹੈ?

**ਪ੍ਰੋ. ਸਰਚਾਂਦ ਸਿੰਘ ਖਿਆਲਾ**






WCC WESTERN COMMUNITY COLLEGE

# REGISTERED MASSAGE THERAPIST

PROGRAM

## START YOUR **RMT JOURNEY**

Gain hands-on training, in-depth knowledge, and clinical experience to become a licensed massage therapist in BC. Our RMT program prepares you for CCOA board exams and a successful career in healthcare.

**FLEXIBLE** SCHEDULES

**FINANCIAL AID** AVAILABLE

**97%** **GRADUATE** EMPLOYMENT RATE

**$80*** **HOURLY WAGE** AVERAGE

SURREY CAMPUS

604.594.3500

WCC.CA/RMT

# ਵਿਸ਼ਵ ਤਣਾਅ ਦਾ ਅਸਰ: ਕੈਨੇਡਾ ਦੇ ਕਈ ਸਕੂਲ ਬੋਰਡਾਂ ਵੱਲੋਂ ਵਿਦੇਸ਼ੀ ਯਾਤਰਾਵਾਂ ’ਤੇ ਰੋਕ

**ਐਡਮਿੰਟਨ:** ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾਰੀ ਫੌਜੀ ਟਕਰਾਅ, ਸੁਰੱਖਿਆ ਸਬੰਧੀ ਚਿੰਤਾਵਾਂ ਅਤੇ ਕੈਨੇਡਾ-ਅਮਰੀਕਾ ਵਿਚਾਲੇ ਵਪਾਰਕ ਤਣਾਅ ਦਾ ਅਸਰ ਹੁਣ ਸਕੂਲੀ ਵਿਦਿਅਕ ਯਾਤਰਾਵਾਂ ’ਤੇ ਵੀ ਪੈਣ ਲੱਗਾ ਹੈ। ਕੈਨੇਡਾ ਦੇ ਕਈ ਸਕੂਲ ਬੋਰਡਾਂ ਨੇ ਇਸ ਸਾਲ ਅੰਤਰਰਾਸ਼ਟਰੀ ਯਾਤਰਾਵਾਂ ਰੱਦ ਕਰ ਦਿੱਤੀਆਂ ਹਨ ਜਾਂ ਉਨ੍ਹਾਂ ਵਿੱਚ ਤਬਦੀਲੀ ਕੀਤੀ ਹੈ।

ਐਡਮਿੰਟਨ ਪਬਲਿਕ ਸਕੂਲਜ਼ ਨੇ ਪੂਰੇ 2026-27 ਸਕੂਲੀ ਸਾਲ ਲਈ ਸਾਰੀਆਂ ਅੰਤਰਰਾਸ਼ਟਰੀ ਯਾਤਰਾਵਾਂ ਰੱਦ ਕਰ ਦਿੱਤੀਆਂ ਹਨ। ਇਨ੍ਹਾਂ ਵਿੱਚ ਥਾਈਲੈਂਡ, ਫਰਾਂਸ, ਯੂਕੇ, ਕੋਸਟਾ ਰੀਕਾ ਅਤੇ ਪੁਰਤਗਾਲ ਵਰਗੇ ਦੇਸ਼ਾਂ ਦੀਆਂ ਯਾਤਰਾਵਾਂ ਵੀ ਸ਼ਾਮਿਲ ਹਨ।

16 ਸਾਲਾ ਜ਼ੋਅ ਕੌਗਰ ਵੀ ਇਸ ਫੈਸਲੇ ਨਾਲ ਪ੍ਰਭਾਵਿਤ ਵਿਦਿਆਰਥੀਆਂ ਵਿੱਚੋਂ ਇੱਕ ਹੈ। ਉਸ ਨੇ ਹਾਈ ਸਕੂਲ ਦੇ ਆਖਰੀ ਸਾਲ ਦੌਰਾਨ ਪਿਟਸਬਰਗ ਵਿੱਚ ਨੈਸ਼ਨਲ ਹਾਈ ਸਕੂਲ ਡਾਂਸ ਫੈਸਟੀਵਲ ਅਤੇ ਵਾਸ਼ਿੰਗਟਨ ਦੇ ਸਪੋਕੇਨ ਵਿੱਚ ਹੋਣ ਵਾਲੀ ਸਾਲਾਨਾ ਬਲੂਮਜ਼ਡੇਅ ਰਨ ਵਿੱਚ ਸ਼ਾਮਲ ਹੋਣਾ ਸੀ, ਪਰ ਦੋਵੇਂ ਯਾਤਰਾਵਾਂ ਰੱਦ ਕਰ ਦਿੱਤੀਆਂ ਗਈਆਂ।

ਐਡਮਿੰਟਨ ਪਬਲਿਕ ਸਕੂਲਜ਼ ਦੇ ਸੁਪਰਡੈਂਟ ਰੋਨ ਥੌਂਪਸਨ ਨੇ ਜੂਨ ਵਿੱਚ ਮਾਪਿਆਂ ਨੂੰ ਭੇਜੇ ਪੱਤਰ ਵਿੱਚ ਕਿਹਾ ਸੀ ਕਿ ਹਾਲ ਹੀ ਦੀ ਇੱਕ ਸਕੂਲੀ ਯਾਤਰਾ ਦੌਰਾਨ ਵਿਦਿਆਰਥੀਆਂ ਨੂੰ ਸਿੱਧੇ ਤੌਰ ’ਤੇ ਸਮਾਜਿਕ ਅਸ਼ਾਂਤੀ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਕਿਹਾ ਕਿ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਇੰਧਨ ਦੀ ਕਮੀ, ਸਿਹਤ ਸਬੰਧੀ ਚਿੰਤਾਵਾਂ ਅਤੇ ਜਾਰੀ ਫੌਜੀ ਟਕਰਾਅ ਕਾਰਨ ਅੰਤਰਰਾਸ਼ਟਰੀ ਯਾਤਰਾ ਵਿੱਚ ਅਨਿਸ਼ਚਿਤਤਾ ਅਤੇ ਜੋਖਮ ਵਧੇ ਹਨ। ਬੋਰਡ 2027-28 ਦੇ ਸਕੂਲੀ ਸਾਲ ਤੋਂ ਪਹਿਲਾਂ ਆਪਣੇ ਫੈਸਲੇ ਦੀ ਮੁੜ ਸਮੀਖਿਆ ਕਰੇਗਾ।

ਹਾਲਾਂਕਿ ਸਾਰੇ ਬੋਰਡਾਂ ਨੇ ਵਿਦੇਸ਼ੀ ਯਾਤਰਾਵਾਂ ’ਤੇ ਪੂਰੀ ਰੋਕ ਨਹੀਂ ਲਗਾਈ। ਵੈਨਕੂਵਰ ਸਕੂਲ ਬੋਰਡ ਅਤੇ ਕੈਲਗਰੀ ਕੈਥਲਿਕ ਸਕੂਲ ਡਿਸਟ੍ਰਿਕਟ ਯਾਤਰਾਵਾਂ ਨੂੰ ਕੇਸ-ਦਰ-ਕੇਸ ਆਧਾਰ ’ਤੇ ਮਨਜ਼ੂਰੀ ਦੇ ਰਹੇ ਹਨ। ਕੈਲਗਰੀ ਬੋਰਡ ਆਫ਼ ਐਜੂਕੇਸ਼ਨ ਨੇ ਪਿਛਲੇ ਸਾਲ ਸਾਰੀਆਂ ਅੰਤਰਰਾਸ਼ਟਰੀ ਯਾਤਰਾਵਾਂ ਰੱਦ ਕੀਤੀਆਂ ਸਨ, ਪਰ ਇਸ ਸਾਲ ਇਨ੍ਹਾਂ ਨੂੰ ਮੁੜ ਸ਼ੁਰੂ ਕਰ ਦਿੱਤਾ ਗਿਆ ਹੈ।

ਵਿਨੀਪੈਗ ਦੇ ਲੁਈਸ ਰੀਲ ਸਕੂਲ ਬੋਰਡ ਨੇ ਪਿਛਲੇ ਸਾਲ ਅਕਤੂਬਰ ਤੋਂ ਅਮਰੀਕਾ ਜਾਣ ਵਾਲੀਆਂ ਸਕੂਲੀ ਯਾਤਰਾਵਾਂ ’ਤੇ ਰੋਕ ਲਾਈ ਹੋਈ ਹੈ। ਵਿਨੀਪੈਗ ਸਕੂਲ ਡਿਵੀਜ਼ਨ ਨੇ ਵੀ ਅਮਰੀਕਾ ਦੀ ਯਾਤਰਾ ਨੂੰ ਮਨਜ਼ੂਰੀ ਨਾ ਦੇਣ ਦੀ ਪੁਸ਼ਟੀ ਕੀਤੀ ਹੈ, ਜਦਕਿ ਹੋਰ ਅੰਤਰਰਾਸ਼ਟਰੀ ਮੰਜ਼ਿਲਾਂ ’ਤੇ ਸਿੱਖਿਆ ਨਾਲ ਸਬੰਧਤ ਯਾਤਰਾਵਾਂ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

ਇਸ ਦੇ ਉਲਟ ਟੋਰਾਂਟੋ ਅਤੇ ਸਸਕਾਟੂਨ ਦੇ ਪਬਲਿਕ ਸਕੂਲ ਬੋਰਡਾਂ ਨੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਕੋਈ ਸਕੂਲੀ ਯਾਤਰਾ ਰੱਦ ਨਹੀਂ ਕੀਤੀ ਗਈ।

ਸਿੱਖਿਆ ਮਾਹਿਰਾਂ ਮੁਤਾਬਕ ਮੌਜੂਦਾ ਵਿਸ਼ਵ ਹਾਲਾਤਾਂ ਵਿੱਚ ਸਕੂਲੀ ਯਾਤਰਾਵਾਂ ਕਰਵਾਉਣਾ ਚੁਣੌਤੀਪੂਰਨ ਹੋ ਗਿਆ ਹੈ, ਪਰ ਇਸ ਦਾ ਅਸਰ ਵਿਦਿਆਰਥੀਆਂ ਦੇ ਤਜਰਬਿਆਂ ’ਤੇ ਵੀ ਪੈ ਰਿਹਾ ਹੈ। ਯੂਨੀਵਰਸਿਟੀ ਆਫ਼ ਕੈਲਗਰੀ ਦੀ ਪ੍ਰੋਫੈਸਰ ਮੈਰੇਨ ਐਕਰਮੈਨ ਨੇ ਕਿਹਾ ਕਿ ਅਸਲ ਯਾਤਰਾ ਰਾਹੀਂ ਕਿਸੇ ਹੋਰ ਸੱਭਿਆਚਾਰ ਨੂੰ ਨੇੜਿਓਂ ਸਮਝਣ ਦਾ ਤਜਰਬਾ ਵਰਚੁਅਲ ਫੀਲਡ ਟ੍ਰਿਪ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ।

ਇਸ ਦੌਰਾਨ ਵਧਦੀ ਮਹਿੰਗਾਈ, ਰਹਿਣ-ਸਹਿਣ ਦੀ ਲਾਗਤ ਅਤੇ ਕੈਨੇਡਾ-ਅਮਰੀਕਾ ਵਿਚਾਲੇ ਵਪਾਰਕ ਵਿਵਾਦ ਨੇ ਵੀ ਸਕੂਲੀ ਯਾਤਰਾਵਾਂ ਨੂੰ ਪ੍ਰਭਾਵਿਤ ਕੀਤਾ ਹੈ। ਕੁਝ ਸਕੂਲ ਹੁਣ ਵਿਦੇਸ਼ੀ ਦੌਰਿਆਂ ਦੀ ਥਾਂ ਕੈਨੇਡਾ ਅੰਦਰ ਹੀ ਵਿਦਿਆਰਥੀਆਂ ਲਈ ਵਿਦਿਅਕ ਯਾਤਰਾਵਾਂ ਦੀ ਯੋਜਨਾ ਬਣਾ ਰਹੇ ਹਨ।

ਕੌਗਰ ਨੇ ਕਿਹਾ ਕਿ ਅੰਤਰਰਾਸ਼ਟਰੀ ਯਾਤਰਾਵਾਂ ਪੂਰੀ ਤਰ੍ਹਾਂ ਰੱਦ ਕਰਨ ਦੀ ਥਾਂ ਹਰ ਯਾਤਰਾ ਨੂੰ ਵੱਖਰੇ ਤੌਰ ’ਤੇ ਪਰਖਿਆ ਜਾਣਾ ਚਾਹੀਦਾ ਹੈ। ਹਾਲਾਂਕਿ ਉਸ ਦੇ ਸਕੂਲ ਨੇ ਸਪੋਕੇਨ ਦੀ ਦੌੜ ਦੀ ਥਾਂ ਜੈਸਪਰ ਨੈਸ਼ਨਲ ਪਾਰਕ ਵਿੱਚ ਦੌੜ ਕਰਵਾਉਣ ਦਾ ਬਦਲ ਲੱਭ ਲਿਆ ਹੈ, ਜਿਸ ਤੋਂ ਉਹ ਖੁਸ਼ ਹੈ।

JASSAL SIGNS

*From Concept to Completion*







- *Vehicle Wraps*
- *Business Cards*
  *Signs & Posters*
- *Wide Format Printing*
- *Banners & Truck Signs*
- *Invoices & Logo Sheets*
- *Logo Design & Real Estate Signs*
- *Channel Letters & Light Boxes & More*

604-599-4221

Email: info@jassalsigns.com

**Surrey**
#101 - 7728 128 St,
Surrey

**Cloverdale**
#101- 6592 176 St,
Cloverdale

**WWW.JASSALSIGNS.COM**

# ਬ੍ਰਿਟਿਸ਼ ਕੋਲੰਬੀਆ ਦੀ ਝੀਲ ਵਿੱਚ ਤੈਰਦੇ ਰਹੱਸਮਈ ਟਾਪੂ ਨੇ ਨਵੀਂ ਚਰਚਾ ਛੇੜੀ

**ਬ੍ਰਿਟਿਸ਼ ਕੋਲੰਬੀਆ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰੋਵਿੰਸ ਦੀ ਵਿਲਿਸਟਨ ਝੀਲ ਵਿੱਚ ਇੱਕ ਬਹੁਤ ਵੱਡਾ ਤੈਰਦਾ ਟਾਪੂ ਲੋਕਾਂ ਲਈ ਰਹੱਸ ਬਣਿਆ ਹੋਇਆ ਹੈ। ਦਰੱਖਤਾਂ ਅਤੇ ਲੱਕੜੀ ਦੇ ਮਲਬੇ ਨਾਲ ਬਣਿਆ ਇਹ ਟਾਪੂ ਲਗਭਗ 140 ਮੀਟਰ ਲੰਬਾ ਅਤੇ 70 ਮੀਟਰ ਚੌੜਾ ਹੈ, ਜੋ ਇੱਕ ਵੱਡੇ ਖੇਡ ਮੈਦਾਨ ਤੋਂ ਵੀ ਵੱਧ ਖੇਤਰ ਘੇਰਦਾ ਹੈ। ਇਹ ਟਾਪੂ ਪਹਿਲੀ ਵਾਰ ਅਗਸਤ ਵਿੱਚ ਨਜ਼ਰ ਆਇਆ ਸੀ। ਉਸ ਸਮੇਂ ਇਸ ਨੂੰ ਲੈ ਕੇ ਲੋਕਾਂ ਨੇ ਸ਼ੱਕ ਜਤਾਇਆ, ਪਰ ਸੈਟੇਲਾਈਟ ਤਸਵੀਰਾਂ ਰਾਹੀਂ ਇਸ ਦੀ ਮੌਜੂਦਗੀ ਦੀ ਪੁਸ਼ਟੀ ਹੋ ਗਈ। ਬਾਅਦ ਵਿੱਚ ਇਹ ਨਜ਼ਰਾਂ ਤੋਂ ਗਾਇਬ ਹੋ ਗਿਆ



ਅਤੇ ਲਗਭਗ 30 ਕਿਲੋਮੀਟਰ ਦੂਰ ਮੁੜ ਦਿਖਾਈ ਦਿੱਤਾ। ਭੂ-ਵਿਗਿਆਨੀ ਜੌਨ ਜੋਸਫ਼ ਕਲਾਗ ਨੇ ਕਿਹਾ ਕਿ ਉਨ੍ਹਾਂ ਨੇ ਅਜਿਹੀ ਘਟਨਾ ਪਹਿਲਾਂ ਕਦੇ ਨਹੀਂ ਦੇਖੀ। ਉਨ੍ਹਾਂ ਮੁਤਾਬਕ ਇੰਨੇ ਵੱਡੇ ਪੱਧਰ 'ਤੇ ਦਰੱਖਤਾਂ ਅਤੇ ਜੰਗਲੀ ਮਲਬੇ ਦਾ ਇਕੱਠਾ ਹੋ ਕੇ ਝੀਲ ਵਿੱਚ ਤੈਰਨਾ ਬਹੁਤ ਅਸਧਾਰਨ ਹੈ। ਬੀ.ਸੀ. ਹਾਈਡਰੋ ਦਾ ਮੰਨਣਾ ਹੈ ਕਿ ਝੀਲ ਦਾ ਪਾਣੀ ਵਧਣ ਕਾਰਨ ਕਿਨਾਰੇ ਨਾਲ ਜੁੜਿਆ ਲੱਕੜੀ ਅਤੇ ਸੜ ਰਹੇ ਜੈਵਿਕ ਮਲਬੇ ਦਾ ਵੱਡਾ ਸਮੂਹ ਟੁੱਟ ਕੇ ਤੈਰਦਾ ਹੋਇਆ ਦੂਰ ਚਲਾ ਗਿਆ ਹੋ ਸਕਦਾ ਹੈ। ਹਾਲਾਂਕਿ ਟਾਪੂ ਦੀ ਅਸਲ ਉਤਪਤੀ ਅਜੇ ਪੱਕੇ ਤੌਰ 'ਤੇ ਸਾਹਮਣੇ ਨਹੀਂ ਆਈ। ਅਧਿਕਾਰੀਆਂ ਨੇ ਕਿਸ਼ਤੀ ਸਵਾਰਾਂ ਨੂੰ ਇਸ 'ਤੇ ਚੜ੍ਹਨ ਜਾਂ ਕਿਸ਼ਤੀ ਲਗਾਉਣ ਤੋਂ ਸਖ਼ਤੀ ਨਾਲ ਰੋਕਿਆ ਹੈ। ਤੇਜ਼ ਹਵਾਵਾਂ ਅਤੇ ਲਹਿਰਾਂ ਕਾਰਨ ਇਹ ਕੁਦਰਤੀ ਢਾਂਚਾ ਅਚਾਨਕ ਟੁੱਟ ਸਕਦਾ ਹੈ, ਜਿਸ ਨਾਲ ਹਾਦਸਾ ਵਾਪਰ ਸਕਦਾ ਹੈ। ਬੀ.ਸੀ. ਹਾਈਡਰੋ ਟਾਪੂ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਹੈ।

## ਕੈਨੇਡੀਅਨ ਫੌਜ ਦਾ ਮਜ਼ਾਕ ਉਡਾਉਣ ਦੀ ਆਲੋਚਨਾ

**ਵਾਸ਼ਿੰਗਟਨ:** ਕੈਨੇਡਾ ਦੇ ਵਿਕਟੋਰੀਆ ਸ਼ਹਿਰ ਵਿੱਚ ਇਸ ਹਫਤੇ ਪੈਸੇਫਿਕ ਖੇਤਰ ਦੇ 29 ਦੇਸ਼ਾਂ ਦੇ ਰੱਖਿਆ ਮੁਖੀ ਇੱਕ ਮਹੱਤਵਪੂਰਨ ਬੈਠਕ ਲਈ ਇਕੱਠੇ ਹੋ ਰਹੇ ਹਨ। ਇਸ ਦੌਰਾਨ ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਵੱਲੋਂ ਕੈਨੇਡੀਅਨ ਫੌਜੀ ਸਿਖਲਾਈ ਲੈ ਰਹੀਆਂ ਦੋ ਨੌਜਵਾਨ ਮਹਿਲਾਵਾਂ ਦੀ ਤਸਵੀਰ ਸਾਂਝੀ ਕਰਕੇ ਉਨ੍ਹਾਂ ਦਾ ਮਜ਼ਾਕ ਉਡਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਹੇਗਸੇਥ ਦੀ ਇਸ ਕਾਰਵਾਈ ਦੀ ਕੈਨੇਡਾ ਵਿੱਚ ਵਿਆਪਕ ਆਲੋਚਨਾ ਹੋਈ।

ਕੈਨੇਡਾ ਦੇ ਰੱਖਿਆ ਮੰਤਰੀ ਡੇਵਿਡ ਮੈਗਿੰਟੀ ਨੇ ਕਿਹਾ ਕਿ ਅਜਿਹੀ ਟਿੱਪਣੀ ਉਸ ਅਹੁਦੇ ਦੀ ਮਰਿਆਦਾ ਦੇ ਅਨੁਸਾਰ ਨਹੀਂ ਹੈ। ਇਸ ਦੇ ਬਾਵਜੂਦ ਮੈਗਿੰਟੀ ਨੇ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਵਿਚਾਲੇ ਫੌਜੀ ਸਹਿਯੋਗ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਬਦਲਦੇ ਅਤੇ ਵਧਦੇ ਸੁਰੱਖਿਆ ਖਤਰਿਆਂ ਦੇ ਮੱਦੇਨਜ਼ਰ ਦੋਵੇਂ ਦੇਸ਼ ਮਿਲ ਕੇ ਹੋਰ ਮਜ਼ਬੂਤ ਬਣ ਸਕਦੇ ਹਨ।

ਇਸੇ ਦੌਰਾਨ ਅਮਰੀਕੀ ਫੌਜ ਦੇ ਸਭ ਤੋਂ ਉੱਚ ਅਧਿਕਾਰੀ ਜਨਰਲ ਡੈਨ ਕੇਨ ਨੇ ਕਿਹਾ ਕਿ ਜੰਗ ਦਾ ਸਰੂਪ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਦੁਨੀਆ ਦੀ ਸੁਰੱਖਿਆ ਸਥਿਤੀ ਵੀ ਤੇਜ਼ੀ ਨਾਲ ਤਬਦੀਲ ਹੋ ਰਹੀ ਹੈ। ਹਾਲ ਹੀ ਵਿੱਚ ਅਮਰੀਕੀ ਸਰਕਾਰ ਦੇ ਕੁਝ ਹੋਰ ਅਧਿਕਾਰੀਆਂ ਵੱਲੋਂ ਵੀ ਕੈਨੇਡਾ ਦੀ ਫੌਜੀ ਸਮਰੱਥਾ 'ਤੇ ਤੰਜ਼ ਕੀਤੇ ਗਏ ਹਨ।

A1 PROMOTIONS EST. 2004

A1PROMOTIONS.CA

Custom T Shirts, Hoodies, School Uniforms

Event & Tournament Packages, Trophy Awards

Large Variety Of Promotional Products




A1 PROMOTIONS NEWTON
13375-72 AVE SURREY
604-763-1500
sales@a1promotions.ca

A1 PROMOTIONS HYLAND
6638-152A Street Surrey
604-597-8356
sales152@a1promotions.ca


SUMMER GETAWAY DRAW!
WIN A ROUND-TRIP FLIGHT TO ANY DESTINATION!
YOUR ADVENTURE AWAITS
SABZI MANDI SUPERMARKET
NO PURCHASE NECESSARY!
ENTER TODAY • WIN ALL SUMMER LONG!
PLUS WEEKLY PRIZE DRAWS!
HAWKINS PRESSURE COOKER
SMALL APPLIANCES
CROCKERY SETS
GIFT BASKETS
• Must be 19 years of age or older to enter.
• Winner will receive one (1) round-trip airfare ticket to a single destination.
• Maximum prize value: CAD $5,000.
Visit in store for more details
Kamloops Location Opening Soon!
HOT PRICE SEEDLESS WATERMELON ਮੱਤੀਰਾ 59¢ /lb
HOT PRICE RUSSET POTATOES ਆਲੂ 10lb 3.49 ea
HOT PRICE BELL PEPPERS ਸ਼ਿਮਲਾ ਮਿਰਚਾਂ 99¢ /lb
HOT PRICE ROMA TOMATOES ਰੋਮਾ ਟਮਾਟਰ 1.49 /lb
SAVERA GULAB JAMUN ਸਵੇਰਾ ਗੁਲਾਬ ਜਾਮੁਨ 908g 5.99 ea
UNBEATABLE DEAL
BAAZ DURAM ATTA ਬਾਜ਼ ਦੁਰਮ ਆਟਾ 20lb 10.99 ea
BAAZ DURUM WHEAT ATTA
RED CARROTS ਲਾਲ ਗਾਜਰਾਂ 99¢ /lb
GITS READY-TO-EAT ਗਿਟਸ ਰੈਡੀ-ਟੂ-ਈਟ 300g 2 for $6
PETHA KADDU ਪੇਠਾ ਕੱਦੂ 99¢ /lb
TATA AGNI TEA ਟਾਟਾ ਅੱਗਨੀ ਚਾਹ 1kg 7.99 ea
NEW KRUNCH COOKIES ਨੀਊ ਕਰੱਚ ਕੁਕੀਆਂ Asst., 2.2lb 5.99 ea
PUNJABI BY NATURE MANGO BURFI ਪੰਜਾਬੀ ਬਾਈ ਨੇਚਰ ਮੈਂਗੋ ਬੱਰਫੀ 150g 2.99 ea
PUNJABI BY NATURE GUR RUSK ਪੰਜਾਬੀ ਬਾਈ ਨੇਚਰ ਗੁੜ ਰੱਸਕ 600g 3.99 ea
ROUND OPO ਗੋਲ ਓਪੋ 1.49 /lb
PUNJABI BY NATURE SESAME OIL ਪੰਜਾਬੀ ਬਾਈ ਨੇਚਰ ਤਿਲਾਂ ਦਾ ਤੇਲ 1L 9.99 ea
NPS #1 ALMONDS ਬਦਾਮ 5.99 /lb
ATHIVA PINK SALT ਆਥਿਵਾ ਪਿੰਕ ਸਾਲਟ 800g 2.49 ea
DAAWAT BASMATI RICE ਦਾਵਤ ਬਾਸਮਤੀ ਚਾਵਲ 10lb 9.99 ea
FRESH BROCCOLI ਬਰੋਕੋਲੀ 1.89 /lb
SABZI MANDI BASMATI RICE ਸੱਬਜ਼ੀ ਮੰਡੀ ਬਾਸਮਤੀ ਚਾਵਲ 10lb 11.99 ea
PUNJABI BY NATURE COOKIES ਪੰਜਾਬੀ ਬਾਈ ਨੇਚਰ ਕੁਕੀਆਂ Asst., 300g 3.99 ea
TATA TEA GOLD ਟਾਟਾ ਚਾਹ ਗੋਲਡ 1kg 14.99 ea
VIDHYA CAKE RUSK ਵਿਧਿਯਾ ਕੇਕ ਰੱਸਕ 650g 5.99 ea
HEAD LETTUCE ਹੈਡ ਲੈਟਸ 1.49 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
MasterCard VISA AMERICAN EXPRESS Interac
American Express accepted at three locations.
SALE DATES:
Fri. September 04, 2026 -
Wed. September 09, 2026
U-HAUL
*At participating locations only.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com